ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 09 ISSUE : 40 SATURDAY, 02 OCTOBER , 2021

www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਵਲੋਂ ਅਲਬਰਟਾ ਤੇ ਸਸਕੈਚਵਨ ਵਿਚ ਲਾਕਡਾਊਨ ਲਾਉਣ ਦੀ ਅਪੀਲ




ਕੈਲਗਰੀ-ਜੇਕਰ ਤੁਸੀਂ ਸੋਚਦੇ ਹੋ ਕਿ ਕੋਵਿਡ-19 ਇਕ ਅੱਗ ਵਾਂਗ ਹੈ ਤਾਂ ਗਰੈਂਡ ਪ੍ਰੇਰੀ ਦੇ ਇਕ ਡਾਕਟਰ ਨੇ ਅਲਬਰਟਾ ਦੀ ਅੱਗ ਨੂੰ ਕੰਟਰੋਲ ਤੋਂ ਬਾਹਰ ਦੱਸਿਆ ਹੈ ਅਤੇ ਬਹੁਤ ਥੋੜੇ ਸਰੋਤ ਇਸ ਨਾਲ ਲੜਾਈ ਲਈ ਸਮਰਪਿਤ ਕੀਤੇ ਹੋਏ ਹਨ। ਅਲੀਕਾ ਲੈਫੋਂਟਨੇ ਨੇ ਕਿਹਾ ਕਿ ਜੇਕਰ ਸੂਬੇ ਨੇ ਜਨਤਕ ਸਿਹਤ ਉਪਾਵਾਂ ਨੂੰ ਚੌਥੀ ਲਹਿਰ ਲਈ ਮਜ਼ਬੂਤ ਨਾ ਕੀਤਾ ਤਾਂ ਹੈਲਥ ਕੇਅਰ ਸਿਸਟਮ ਢਹਿ ਢੇਰੀ ਹੋ ਜਾਵੇਗਾ। ਹੈਲਥ ਕੇਅਰ ਦੇ ਅੰਦਰ ਸਾਡੇ ਵਿਚੋਂ ਬਹੁਤ ਸਾਰੇ ਇਹ ਮਹਿਸੂਸ ਨਹੀਂ ਕਰਦੇ ਕਿ ਇਹ ਵੇਵ ਉਦੋਂ ਖਤਮ ਹੋਵੇਗੀ ਜਦੋਂ ਤਕ ਸਾਡੇ ਕੋਲ ਨਿਰਣਾਇਕ ਅਗਵਾਈ ਹੋਵੇਗੀ। ਡਾ. ਲੈਫੋਂਟੇਨ ਜਿਹੜੇ ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ ਹਨ ਨੇ ਅਲਬਰਟਾ ਤੇ ਸਸਕੈਚਵਨ ਵਿਚ ਹੇਲਥ ਕੇਅਰ ਸਿਸਟਮ ਨੂੰ ਬਚਾਉਣ ਲਈ ਲਾਕਡਾਉਨ ਲਾਗੂ ਕਰਨ ਦਾ ਸੱਦਾ ਦਿੱਤਾ ਹੈ ਅਤੇ ਕਿਹਾ ਕਿ ਇਹ ਸਿਸਟਮਸ ਕੋਵਿਡ-19 ਕਾਰਨ ਭਾਰੀ ਦਬਾਅ ਹੇਠ ਹਨ। ਦੋਵੇਂ ਪੱਛਮੀ ਰਾਜਾਂ ਵਿਚ ਹਸਪਤਾਲਾਂ ਵਿਚ ਰਿਕਾਰਡ ਗਿਣਤੀ ਵਿਚ ਮਰੀਜ਼ ਦਾਖਲ ਹੋ ਰਹੇ ਹਨ ਅਤੇ ਆਈਸੀਯੂ ਕੋਲ ਸਮਰਥਾ ਨਾਂਹ ਦੇ ਬਰਾਬਰ ਹੀ ਬਚੀ ਹੈ। ਨੈਸ਼ਨਲ ਗਰੁੱਪ ਦੇ ਪ੍ਰਧਾਨ ਕੈਥਰੀਨ ਸਮਾਰਟ ਨੇ ਸੂਬਾ ਤੇ ਫੈਡਰਲ ਸਰਕਾਰਾਂ ਨੂੰ ਤੁਰੰਤ ਕਾਰਵਾਈ ਕਰਨ ਦਾ ਸੱਦਾ ਦਿੱਤਾ ਹੈ। ਜੋ ਕੁਝ ਅਸੀਂ ਹੁਣ ਦੇਖ ਰਹੇ ਹਾਂ ਕਿ ਅਸਲ ਵਿਚ ਕੋਵਿਡ ਵਾਲੇ ਮਰੀਜ਼ਾਂ ਦੀ ਦੇਖਭਾਲ ਤੋਂ ਬਿਨ੍ਹਾਂ ਹੋਰ ਗੰਭੀਰ ਦੇਖਭਾਲ ਵਾਲੀ ਦਵਾਈ ਮਹੱਈਆ ਕਰਨ ਦੀ ਸਮਰਥਾ ਨਹੀਂ। ਇਸ ਲਈ ਸਿਹਤ ਸੰਭਾਲ ਪ੍ਰਣਾਲੀ ਪਹਿਲਾਂ ਦੀ ਢਹਿ ਢੇਰੀ ਹੋ ਚੁੱਕੀ ਹੈ। ਇਸ ਨੇ ਹੈਲਥ ਕੇਅਰ ਸਿਸਟਮਜ਼ ਵਿਚ ਲੱਗੇ ਸਾਰੇ ਹੈਲਥ ਵਰਕਰਾਂ ਦਾ ਲਾਜ਼ਮੀ ਟੀਕਾਕਰਣ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਅਤੇ ਸੂਬਿਆਂ ਵਿਚਕਾਰ ਹੈਲਥ ਵਰਕਰਾਂ ਦਾ ਆਉਣਾ ਜਾਣਾ ਅਤੇ ਇੰਟੈਂਸਿਵ ਕੇਅਰ ਸਮਰਥਾ ਵਧਾਈ ਜਾਵੇ।




## ਪ੍ਰੀਮੀਅਰ ਕੈਨੀ ਵਲੋਂ ਨਵੇਂ ਹੈਲਥ ਨਿਯਮ 'ਫਾਇਰਬਰੇਕ' ਲਾਕਡਾਊਨ ਰੱਦ



ਐਡਮਿੰਟਨ-ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ, ਲਗਾਤਾਰ ਜ਼ਿਆਦਾ ਕੋਵਿਡ-19 ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ ਜਿਹੜੇ ਹੈਲਥ ਸਿਸਟਮ ਨੂੰ ਢਹਿ ਢੇਰੀ ਹੋਣ ਦੇ ਕਿਨਾਰੇ ਧੱਕ ਰਹੇ ਹਨ ਪਰ ਉਨ੍ਹਾਂ ਨਵੇਂ ਉਪਾਵਾਂ ਅਤੇ ਆਰਥਿਕਤਾ ਦੇ ਅਖੌਤੀ 'ਫਾਇਰਬਰੇਕ' ਲਾਕਡਾਉਨ ਨੂੰ ਰੱਦ ਕਰ ਦਿੱਤਾ ਹੈ। ਕੈਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਇਹ ਦੇਖਣ ਲਈ ਹੋਰ ਸਮਾਂ ਚਾਹੀਦਾ ਹੈ ਕਿ ਕੀ ਤਾਜ਼ਾ ਐਲਾਨੇ ਨਿਯਮ ਕੰਮ ਕਰ ਰਹੇ ਹਨ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਮੁਕੰਮਲ ਸ਼ੱਟਡਾਉਨ (ਬਾਕੀ ਸਫ਼ਾ 9 'ਤੇ)

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 40 SATURDAY, 02 OCTOBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਪੰਜਾਬ ਕਾਂਗਰਸ ਦਾ ਸੰਕਟ ਟਲਿਆ ਸਿੱਧੂ ਪ੍ਰਧਾਨ ਬਣੇ ਰਹਿਣ ਲਈ ਸਹਿਮਤ

## ਤਿੰਨ ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ



ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਨਾਲ ਉੱਠਿਆ ਵਿਵਾਦ ਸੁਖਾਵੇਂ ਮਾਹੌਲ 'ਚ ਹੋਈ ਮੀਟਿੰਗ ਨਾਲ ਫਿਲਹਾਲ ਸੁਲਝ ਗਿਆ ਹੈ, ਜਿਸ ਨੇ ਰਾਜਸੀ ਸੰਕਟ ਵਿਚ ਘਿਰੀ ਹਾਈਕਮਾਨ ਨੂੰ ਥੋੜ੍ਹੀ ਰਾਹਤ ਦਿੱਤੀ ਹੈ। ਕਰੀਬ ਦੋ ਘੰਟੇ ਚੱਲੀ ਮੀਟਿੰਗ ਵਿਚ ਡੀਜੀਪੀ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਤੋਂ ਉੱਠੇ ਵਿਵਾਦ ਨੂੰ ਨਜਿੱਠਣ ਲਈ ਰਾਹ ਕੱਢ ਲਏ ਗਏ ਹਨ। ਭਾਵੇਂ ਫੌਰੀ ਤੌਰ 'ਤੇ ਨਵਜੋਤ ਸਿੱਧੂ ਵੱਲੋਂ ਨਿਯੁਕਤੀਆਂ ਬਾਰੇ ਉਠਾਏ ਸੁਆਲ ਹੱਲ ਨਹੀਂ ਹੋਏ, ਪਰ ਮੀਟਿੰਗ ਵਿਚ ਤਿੰਨ ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ ਹੋਇਆ ਹੈ, ਜੋ ਇਨ੍ਹਾਂ ਨਿਯੁਕਤੀਆਂ ਸਮੇਤ ਭਵਿੱਖ 'ਚ ਉੱਠਣ ਵਾਲੇ ਮਾਮਲਿਆਂ ਬਾਰੇ ਫੈਸਲਾ ਕਰੇਗੀ। ਪੰਜਾਬ ਸਰਕਾਰ ਨੇ ਨਵੇਂ ਡੀਜੀਪੀ ਦੀ ਨਿਯੁਕਤੀ ਲਈ 10 ਮੈਂਬਰੀ ਪੈਨਲ ਯੂਪੀਐੱਸਸੀ ਨੂੰ ਭੇਜ ਦਿੱਤਾ ਹੈ। ਪੈਨਲ 'ਚ ਸੀਨੀਅਰ ਪੁਲੀਸ ਅਧਿਕਾਰੀ ਸਿਧਾਰਥ ਚਟੋਪਾਧਿਆਏ ਦਾ ਨਾਂ ਵੀ ਸ਼ਾਮਲ ਹੈ ਜਿਨ੍ਹਾਂ ਅਗਲੇ ਸਾਲ ਮਾਰਚ ਵਿੱਚ ਸੇਵਾਮੁਕਤ ਹੋਣਾ ਹੈ। ਵੇਰਵਿਆਂ ਅਨੁਸਾਰ ਤਾਲਮੇਲ ਕਮੇਟੀ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ਼ਾਮਲ ਹੋਣਗੇ, ਜੋ ਪਾਰਟੀ ਅਤੇ ਸਰਕਾਰ ਦਰਮਿਆਨ ਤਾਲਮੇਲ ਰੱਖਣ ਲਈ ਭਵਿੱਖ 'ਚ ਵੀ ਕੰਮ ਕਰਨਗੇ। ਏਨਾ ਸਾਫ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਹੁਦੇ 'ਤੇ ਬਣੇ ਰਹਿਣਗੇ। ਹਾਈਕਮਾਨ ਨੇ ਉਨ੍ਹਾਂ ਦਾ ਅਸਤੀਫਾ ਪਹਿਲਾਂ ਹੀ ਨਾਮਨਜ਼ੂਰ ਕਰ ਦਿੱਤਾ ਸੀ। ਸਿੱਧੂ ਨੇ 28 ਸਤੰਬਰ ਨੂੰ ਅਚਨਚੇਤ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ। ਸੂਤਰਾਂ ਅਨੁਸਾਰ ਡੀਜੀਪੀ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਬਦਲਣ ਦਾ ਫੈਸਲਾ *(ਬਾਕੀ ਸਫ਼ਾ 10 'ਤੇ)*

## ਕਾਂਗਰਸ ਛੱਡਾਂਗਾ ਪਰ ਭਾਜਪਾ ਵਿਚ ਸ਼ਾਮਿਲ ਨਹੀਂ ਹੋਵਾਂਗਾ-ਕੈਪਟਨ



ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਕਿਆਸਾਂ ਨੂੰ ਵਿਰਾਮ ਦਿੰਦੇ ਹੋਏ ਕਿਹਾ ਕਿ ਉਹ ਕਾਂਗਰਸ ਨੂੰ ਛੱਡ ਰਹੇ ਹਨ, ਪਰ ਭਾਜਪਾ ਵਿਚ ਸ਼ਾਮਲ ਨਹੀਂ ਹੋਣਗੇ। ਅਮਰਿੰਦਰ ਦਾ ਇਹ ਫ਼ੈਸਲਾ ਕਾਂਗਰਸ ਹਾਈਕਮਾਨ ਨੂੰ ਔਖ ਦੇ ਵਕਤ 'ਚ ਵੱਡਾ ਸਿਆਸੀ ਝਟਕਾ ਹੈ, ਜਿਸ ਨਾਲ ਕੇਂਦਰੀ ਲੀਡਰਸ਼ਿਪ 'ਤੇ ਨਵੇਂ ਸਵਾਲ ਉੱਠਣ ਦਾ ਰਾਹ ਮੋਕਲਾ ਹੋਵੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਇਕ ਦਿਨ ਮਗਰੋਂ *(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

UTTAM PAINTING CO.
Residential & Commercial
• Spray Paint
• Stucco Paint
• Roller & Brush
• New & Old House
• Interior & Exterior
• Polly & Sponge Paint
25 Years of Experience
Efficient Work ♦ Fast Service
Reasonable Rates
Rajinder Aulakh (Raj)
778.891.9473
amaritaulakh2008@yahoo.ca

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ. ਸੀ. ਵਿਚ ਤਿੰਨ ਦਿਨਾਂ ਦੌਰਾਨ ਕੋਵਿਡ-19 ਦੇ 2,239 ਨਵੇਂ ਕੇਸ ਅਤੇ 18 ਮੌਤਾਂ

ਸਰੀ (ਹਰਦਮ ਮਾਨ)-ਬੀ. ਸੀ. ਵਿਚ ਪਿਛਲੇ ਤਿੰਨ ਦਿਨਾਂ ਦੌਰਾਨ ਕੋਵਿਡ-19 ਦੇ 2,239 ਨਵੇਂ ਕੇਸ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ ਸ਼ੁੱਕਰਵਾਰ ਨੂੰ 876, ਸ਼ਨੀਵਾਰ ਨੂੰ 657 ਅਤੇ ਐਤਵਾਰ ਨੂੰ 706 ਕੇਸ ਦਰਜ ਹੋਏ ਹਨ। ਇਨ੍ਹਾਂ ਤਿੰਨਾਂ ਦਿਨਾਂ ਵਿਚ 18 ਵਾਇਰਸ ਪੀੜਤਾਂ ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਬੀ. ਸੀ. ਦੀ ਸੂਬਾਈ ਸਿਹਤ ਅਫਸਰ ਡਾ: ਬੌਨੀ ਹੈਨਰੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸੂਬੇ ਵਿਚ ਕੋਵਿਡ-19 ਦੇ ਕੁੱਲ ਕੇਸਾਂ ਦੀ ਗਿਣਤੀ 184,780 ਤੱਕ ਪਹੁੰਚ ਗਈ ਹੈ ਅਤੇ 1,940 ਮੌਤਾਂ ਹੋ ਚੁੱਕੀਆਂ ਹਨ। ਇਸ ਸਮੇਂ ਸੂਬੇ ਵਿਚ 6,098 ਕੇਸ ਐਕਟਿਵ ਹਨ ਜਿਨ੍ਹਾਂ ਵਿੱਚੋਂ 303 ਲੋਕ ਹਸਪਤਾਲਾਂ ਵਿਚ ਦਾਖ਼ਲ ਹਨ ਅਤੇ 141 ਨੂੰ ਆਈ. ਸੀ. ਯੂ. ਵਿਚ ਰੱਖਿਆ ਗਿਆ ਹੈ। ਇਸੇ ਦੌਰਾਨ ਸੂਬੇ ਵਿਚ ਵੈਕਸੀਨ ਦੇ ਦੋਵੇਂ ਟੀਕੇ ਲਵਾਉਣ ਵਾਲਿਆਂ ਦੀ ਗਿਣਤੀ 80.5× ਹੋ ਗਈ ਹੈ ਅਤੇ



12 ਸਾਲ ਤੋਂ ਵੱਡੀ ਉਮਰ ਦੇ 87.7% ਲੋਕ ਵੈਕਸੀਨ ਦਾ ਇਕ ਇਕ ਟੀਕਾ ਲਵਾ ਚੁੱਕੇ ਹਨ।


JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker Covers You Best
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available


## ਹਾਰਪ ਢਿੱਲੋਂ ਬਣੇ ਸਰੀ ਹਸਪਤਾਲ ਫਾਊਂਡੇਸ਼ਨ ਦੇ ਬੋਰਡ ਚੇਅਰਮੈਨ

ਸਰੀ (ਹਰਦਮ ਮਾਨ)-ਸਰੀ ਹਸਪਤਾਲ ਫਾਊਂਡੇਸ਼ਨ ਵੱਲੋਂ ਹਾਰਪ ਢਿੱਲੋਂ ਨੂੰ ਬੋਰਡ ਆਫ ਡਾਇਰੈਕਟਰਜ਼ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਚੋਣ ਪਿਛਲੇ ਹਫਤੇ ਹੋਈ ਸਾਲਾਨਾ ਜਨਰਲ ਮੀਟਿੰਗ ਵਿੱਚ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਕੀਤੀ ਗਈ ਸੀ। ਹਾਰਪ ਢਿੱਲੋਂ ਪਿਛਲੇ ਚੇਅਰਮੈਨ ਰੋਨ ਨਾਈਟ ਦੀ ਜਗ੍ਹਾ ਲੈਣਗੇ, ਜੋ 2010 ਤੋਂ ਬੋਰਡ ਦੇ ਚੇਅਰਮੈਨ ਵਜੋਂ ਸੇਵਾ ਨਿਭਾ ਰਹੇ ਸਨ। ਹਾਰਪ ਢਿੱਲੋਂ 2014 ਤੋਂ ਫਾਊਂਡੇਸ਼ਨ ਦੇ ਬੋਰਡ ਆਫ਼ ਡਾਇਰੈਕਟਰਜ਼ ਵਿਚ ਹਨ ਅਤੇ ਉਹ ਪਿਛਲੇ ਸਾਲ ਤੋਂ ਵਾਇਸ ਚੇਅਰਮੈਨ ਵਜੋਂ ਸੇਵਾ ਨਿਭਾ ਰਹੇ ਸਨ। ਇਸ ਨਿਯੁਕਤੀ ਦੇ ਐਲਾਨ ਉਪਰੰਤ ਸਰੀ ਹਸਪਤਾਲ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਸੀਈ? ਜੇਨ ਐਡਮਜ਼ ਨੇ ਕਿਹਾ ਹੈ ਕਿ ਹਾਰਪ ਨਿਪੁੰਨ ਲੀਡਰ ਅਤੇ ਵਿੱਤੀ ਮਾਹਰ ਹਨ ਜਿਨ੍ਹਾਂ ਨੂੰ ਨਿਵੇਸ਼ ਅਤੇ ਵਿਤੀ ਪ੍ਰਬੰਧ ਵਿਚ ਵਿਸ਼ੇਸ਼ ਮੁਹਾਰਤ ਹਾਸਲ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਹਾਰਪ ਢਿੱਲੋਂ ਦੀ ਅਗਵਾਈ ਸਥਾਨਕ ਭਾਈਚਾਰਿਆਂ ਦੀ ਸਿਹਤ ਸੰਭਾਲ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਫੰਡ ਇਕੱਠਾ ਕਰਨ ਦੇ ਯਤਨਾਂ ਨੂੰ ਉਤਸ਼ਾਹਿਤ ਕਰਕੇ ਅੱਗੇ ਵਧਾਏਗੀ।




MORTGAGE
If you are paying more than 1.30%*
(5 Years VIRM 30 Years Ammortization)
Call us NOW to Lower your Rate!
Raj Gill has "NO STRESS MORTGAGE"
RAJ GILL, AMP
604 564 1000
VANCOUVER
Unit 200-6330 Fraser St @47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
RUPINDER KAUR 604-518-2577
TEJINDER GREWAL 604-837-3101
rcic-cric
License No. 562

## ਦੋ ਮੋਟਰ ਗੱਡੀਆਂ ਵਿਚਕਾਰ ਆਉਣ ਕਾਰਨ ਟਰਾਂਸਪੋਰਟ ਕੰਪਨੀ ਦੇ ਮੁਲਾਜ਼ਮ ਦੀ ਮੌਤ

ਵੈਨਕੂਵਰ-ਇਕ ਟਰਾਂਜਿਟ ਮੁਲਾਜ਼ਮ ਜਿਹੜਾ ਡਾਊਨਟਾਊਨ ਵੈਨਕੂਵਰ ਵਿਚ ਦੋ ਬੱਸਾਂ ਵਿਚਕਾਰ ਫਸ ਗਿਆ ਸੀ ਦੀ ਸੱਟਾਂ ਕਾਰਨ ਮੌਤ ਹੋ ਗਈ। ਬੀਸੀ ਐਮਰਜੈਂਸੀ ਹੈਲਥ ਸਰਵਿਸਿਜ ਨੇ ਦੱਸਿਆ ਕਿ ਉਸ ਨੂੰ ਰਿਪੋਰਟ ਮਿਲੀ ਸੀ ਕਿ ਇਕ ਵਿਅਕਤੀ ਦੋ ਬੱਸਾਂ ਵਿਚਕਾਰ ਫਸ ਗਿਆ ਸੀ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਬਾਅਦ ਵਿਚ ਟਰਾਂਸਲਿੰਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕੋਸਟ ਮਾਊਂਟੇਨ ਬੱਸ ਕੰਪਨੀ ਦਾ ਮੁਲਾਜ਼ਮ ਜ਼ਖ਼ਮੀ ਹੋਇਆ ਹੈ। ਉਸ ਦੀ ਬਾਅਦ ਵਿਚ ਮੌਤ ਹੋ ਗਈ। ਯੂਨੀਫੋਰ ਲੋਕਲ 111 ਯੂਨੀਅਨ ਜਿਹੜੀ ਸੀਐਮਬੀਸੀ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀ ਹੈ ਨੇ ਮ੍ਰਿਤਕ ਮੁਲਾਜ਼ਮ ਦੀ ਪਛਾਣ ਚਰਨਜੀਤ ਪ੍ਰਹਾਰ ਵਜੋਂ ਕੀਤੀ ਹੈ। ਇਹ ਘਟਨਾ ਸ਼ਹਿਰ ਦੀ 13ਵੀਂ ਜਾਨਲੇਵਾ ਦੁਰਘਟਨਾ ਹੈ। ਬੀਸੀ ਕੋਰੋਨਰ ਸਰਵਿਸ ਕੇਸ ਦੀ ਜਾਂਚ ਕਰ ਰਿਹਾ ਹੈ।

## ਇਕ ਘਰ ਵਿਖੇ ਗੋਲੀਬਾਰੀ ਵਿਚ ਦੋ ਵਿਅਕਤੀ ਜ਼ਖ਼ਮੀ

ਸਰੀ-ਇਕ ਘਰ ਵਿਖੇ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਪੁਲਿਸ ਸਰੀ ਦੇ ਇਸ ਘਰ ਵਿਚ ਗੋਲੀਬਾਰੀ ਜਿਹੜੀ ਤੀਸਰੀ ਵਾਰ ਹੋਈ ਹੈ ਨੂੰ ਮਿਥ ਕੇ ਕੀਤੀ ਗਈ ਘਟਨਾ ਆਖ ਰਹੀ ਹੈ। ਸਰੀ ਆਰਸੀਐਮਪੀ ਨੂੰ ਸਵੇਰੇ 5 ਵਜੇ ਦੇ ਲਗਪਗ 140ਬੀ ਸਟਰੀਟ ਦੇ 8800 ਬਲਾਕ ਵਿਚ ਇਕ ਰਿਹਾਇਸ਼ 'ਤੇ ਬੁਲਾਇਆ ਗਿਆ ਸੀ ਅਤੇ ਉਥੇ ਉਨ੍ਹਾਂ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲੇ ਜਿਨ੍ਹਾਂ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਜ਼ਖ਼ਮੀ ਹੋਣ ਵਾਲਾ 23 ਸਾਲਾ ਤੇ 47 ਸਾਲਾ ਵਿਅਕਤੀ ਇਕ ਦੂਸਰੇ ਦੇ ਰਿਸ਼ਤੇਦਾਰ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। 23 ਸਾਲਾ ਵਿਅਕਤੀ ਨੂੰ ਪੁਲਿਸ ਜਾਣਦੀ ਹੈ ਅਤੇ ਉਸ ਦੇ ਪਹਿਲਾਂ ਵੀ ਜੁਲਾਈ ਵਿਚ ਉਸੇ ਘਰ ਦੇ ਡਰਾਈਵਵੇਅ ਵਿਚ ਗੋਲੀ ਮਾਰੀ ਗਈ ਸੀ ਅਤੇ ਲੱਤ ਵਿਚ ਗੋਲੀ ਲੱਗਣ ਕਾਰਨ ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਮਾਰਚ ਮਹੀਨੇ ਗੋਲੀ ਚੱਲਣ ਪਿੱਛੋਂ ਵੀ ਪੁਲਿਸ ਨੂੰ ਉਸੇ ਘਰ ਵਿਚ ਬੁਲਾਇਆ ਗਿਆ ਸੀ। ਉਂਜ ਉਸ ਘਟਨਾ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਸੀ ਹੋਇਆ। ਜਾਂਚ ਅਜੇ ਮੁੱਢਲੇ ਪੜਾਅ ਵਿਚ ਹੈ ਅਤੇ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਗੋਲੀਬਾਰੀ ਦੀਆਂ ਤਿੰਨੇ ਘਟਨਾਵਾਂ ਇਕੋ ਵਿਅਕਤੀ ਨੇ ਕੀਤੀਆਂ ਹਨ।

# ਫੰਡਾਂ ਦਾ ਗਬਨ ਕਾਰਨ ਵਾਲੀ ਵਕੀਲ 'ਤੇ 15 ਸਾਲ ਲਈ ਪ੍ਰੈਕਟਿਸ ਕਰਨ 'ਤੇ ਪਾਬੰਦੀ

ਵੈਨਕੂਵਰ-ਫੰਡਾਂ ਦਾ ਗਬਨ ਕਰਨ ਵਾਲੀ ਨਿਊ ਵੈਸਟਮਿਨਸਟਰ ਦੀ ਸਾਬਕਾ ਵਕੀਲ ਜਿਸ ਨੇ ਫੰਡਾਂ ਦੀ ਦੁਰਵਰਤੋਂ ਕੀਤੀ 'ਤੇ 15 ਸਾਲ ਤਕ ਪ੍ਰੈਕਟਿਸ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਬੀਸੀ ਲਾਅ ਸੁਸਾਇਟੀ ਨੇ ਕਿਹਾ ਕਿ ਅਮੰਡਾ ਜੇਨ ਰੋਜ਼ ਨੇ ਕਈ ਮੌਕਿਆਂ 'ਤੇ ਗਾਹਕ ਟਰੱਸਟ ਫੰਡਾਂ ਦੀ ਦੁਰਵਰਤੋਂ ਕੀਤੀ ਸੀ। ਸੁਸਾਇਟੀ ਨੇ ਦੱਸਿਆ ਕਿ ਅਮੰਡਾ ਜੇਨ ਰੋਸ ਨੇ 8470.45 ਡਾਲਰ ਤੋਂ ਲੈ ਕੇ 67718.25 ਡਾਲਰ ਤਕ ਦੀ ਰਕਮ ਦੇ ਫੰਡਾਂ ਦਾ ਗਬਨ ਕੀਤਾ ਹੈ। ਸੁਸਾਇਟੀ ਨੇ ਦੱਸਿਆ ਕਿ ਰੋਜ਼ ਨੇ ਫੰਡਾਂ ਨੂੰ ਟਰੱਸਟ ਦੇ ਖਾਤੇ ਵਿਚ ਜਮ੍ਹਾਂ ਕਰਵਾਉਣ ਦੀ ਬਜਾਏ ਜਨਰਲ ਖਾਤੇ ਵਿਚ ਜਮ੍ਹਾਂ ਕਰਵਾਇਆ। ਉਸ ਨੇ ਫਿਰ ਟਰੱਸਟ ਦੇ ਫੰਡਾਂ ਨੂੰ ਆਪਣੇ ਖਾਤੇ ਵਿਚ ਟਰਾਂਸਫਰ ਕਰ ਲਿਆ ਅਤੇ ਫਿਰ ਆਪਣੇ ਸਾਇਲ ਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨ੍ਹਾਂ ਫੰਡ ਨੂੰ ਕਢਵਾ ਲਿਆ। ਸੁਸਾਇਟੀ ਮੁਤਾਬਿਕ ਉਸ ਨੇ ਸਾਇਲਾਂ ਲਈ ਦੁੱਗਣੇ ਬਿੱਲ ਬਣਾਏ ਅਤੇ ਆਪਰੇਟਿੰਗ ਖਰਚਿਆਂ ਨੂੰ ਪੂਰਾ ਕਰਨ ਲਈ ਟਰੱਸਟ ਦੇ ਪੈਸਿਆਂ ਨੂੰ ਵਰਤਿਆ। ਉਹ 64 ਟਰੱਸਟ ਫੰਡਾਂ ਦੀ ਘਾਟ ਨੂੰ ਖਤਮ ਕਰਨ ਵਿਚ ਨਾਕਾਮ ਰਹੀ ਅਤੇ ਇਸ ਕਮੀ ਬਾਰੇ ਜਾਣਕਾਰੀ ਨਹੀਂ ਦਿੱਤੀ। ਰੋਜ਼ ਨੇ ਪੇਸ਼ਾਵਰ ਦੁਰਾਚਾਰ ਦੀ ਗੱਲ ਸਵੀਕਾਰ ਕਰ ਲਈ ਅਤੇ ਉਹ ਕੈਨੇਡਾ ਵਿਚ 15 ਸਾਲ ਕਾਨੂੰਨ ਦੀ ਪ੍ਰੈਕਟਿਸ ਨਾ ਕਰਨ ਲਈ ਸਹਿਮਤ ਹੋ ਗਈ।




## ਪਿਛਲੇ ਸਾਲ ਕੈਨੇਡਾ ਵਿਚ ਹੋਰਨਾਂ ਥਾਵਾਂ ਨਾਲੋਂ ਬੀਸੀ ਵਿਚ ਜ਼ਿਆਦਾ ਲੋਕ ਆ ਕੇ ਵੱਸੇ

ਵੈਨਕੂਵਰ-ਕੀ ਤੁਸੀਂ ਪਿਛਲੇ ਸਾਲ ਕਿਸੇ ਹੋਰ ਸੂਬੇ ਤੋਂ ਆ ਕੇ ਬ੍ਰਿਟਿਸ਼ ਕੋਲੰਬੀਆ ਵਿਚ ਵਸੇ ਹੋ? ਨਵੇਂ ਅੰਕੜੇ ਦੱਸਦੇ ਹਨ ਕਿ ਤੁਸੀਂ ਇਸ ਤਰ੍ਹਾਂ ਕਰਨ ਵਾਲੇ ਇਕੱਲੇ ਨਹੀਂ। 29 ਸਤੰਬਰ ਨੂੰ ਜਾਰੀ ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਮੁਤਾਬਿਕ 30 ਜੂਨ 2021 ਤਕ 12 ਮਹੀਨਿਆਂ ਦੇ ਸਮੇਂ ਵਿਚ ਅੰਤਰਸੂਬਾ ਪ੍ਰਵਾਸ ਵਿਚ ਬੀਸੀ ਵਿਚ ਸਭ ਤੋਂ ਜ਼ਿਆਦਾ ਲੋਕ ਆ ਕੇ ਵਸੇ ਹਨ। 2020-21 ਵਿਚ ਸੂਬੇ ਦੇ ਅੰਤਰਸੂਬਾ ਪ੍ਰਵਾਸ ਵਿਚ ਸੂਬੇ ਤੋਂ ਬਾਹਰ ਜਾ ਕੇ ਵਸਣ ਵਾਲੇ ਅਤੇ ਬਾਹਰੋ ਆ ਕੇ ਸੂਬੇ ਵਿਚ ਵਸਣ ਵਾਲੇ ਲੋਕਾਂ ਦਾ ਫਰਕ ਪਲੱਸ 34277 ਵਿਅਕਤੀ ਰਿਹਾ ਹੈ। ਪਿਛਲੇ 28 ਸਾਲਾਂ ਵਿਚ ਬੀਸੀ ਵਿਚ ਇਹ ਸਭ ਤੋਂ ਜ਼ਿਆਦਾ ਪ੍ਰਵਾਸ ਹੈ। 1993-94 ਵਿਚ 37871 ਵਿਅਕਤੀ ਹੋਰਨਾਂ ਸੂਬਿਆਂ ਵਿਚੋਂ ਆ ਕੇ ਬੀਸੀ ਵਿਚ ਵਸੇ ਸਨ।

# ਪੁਲਿਸ ਵਲੋਂ ਲਿਬਰਲ ਦੇ ਨਵੇਂ ਚੁਣੇ ਐਮ ਪੀ ਜੌਰਜ ਚਾਹਲ ਖਿਲਾਫ ਜਾਂਚ



ਕੈਲਗਰੀ-ਨਵੇਂ ਚੁਣੇ ਗਏ ਲਿਬਰਲ ਐਮਪੀ ਜੌਰਜ ਚਾਹਲ ਦੇ ਇਕ ਵੋਟਰ ਹਾਊਸ ਵਿਖੇ ਆਪਣੇ ਕੰਸਰਵੇਟਿਵ ਵਿਰੋਧੀ ਦੇ ਪ੍ਰਚਾਰ ਸਾਹਿਤ ਨੂੰ ਹਟਾਉਂਦੇ ਹੋਏ ਕੈਮਰੇ ਵਿਚ ਕੈਦ ਹੋ ਜਾਣ ਪਿੱਛੋਂ ਪੁਲਿਸ ਉਨ੍ਹਾਂ ਖਿਲਾਫ ਜਾਂਚ ਕਰ ਰਹੀ ਹੈ। 2019 ਵਿਚ ਲਿਬਰਲ ਪਾਰਟੀ ਦੇ ਸੂਬੇ ਵਿਚੋਂ ਇਕ ਦਮ ਬਾਹਰ ਹੋ ਜਾਣ ਪਿੱਛੋਂ ਅਲਬਰਟਾ ਵਿਚ ਚੁਣੇ ਗਏ ਦੋ ਲਿਬਰਲਸ ਵਿਚੋਂ ਇਕ ਚਾਹਲ ਹੈ। ਕਈ ਲਿਬਰਲਸ ਉਸ ਨੂੰ ਕੈਬਨਿਟ ਸ਼ਾਮਿਲ ਕੀਤੇ ਜਾਣ ਦੀ ਆਸ ਕਰ ਰਹੇ ਹਨ। ਪ੍ਰਧਾਨ ਮੰਤਰੀ ਦੇ ਦਫ਼ਤਰੇ ਨੇ ਇਸ ਮਾਮਲੇ 'ਤੇ ਟਿਪਣੀ ਕਰਨ ਤੋਂ ਇਨਕਾਰ ਕਰ ਦਿੱਤਾ। 19 ਸਤੰਬਰ ਨੂੰ ਘਰ ਦੇ ਸਕਿਉਰਟੀ ਕੈਮਰੇ ਤੋਂ ਪਤਾ ਲਗਦਾ ਹੈ ਕਿ ਚਾਹਲ ਕੰਸਰਵੇਟਿਵ ਉਮੀਦਵਾਰ ਜੈਗ ਸਹੋਤਾ ਲਈ ਇਕ ਫਲਾਇਰ ਬਦਲੀ ਕਰ ਰਿਹਾ ਹੈ ਜਿਹੜਾ ਰੈਜ਼ੀਡੈਂਟ ਗਲੇਨ ਪੇਨੈਟਸ ਦੇ ਘਰ ਦੇ ਉਪਰ ਟੇਪ ਕੀਤਾ ਹੋਇਆ ਸੀ। ਪੇਨੇਟ ਨੇ ਦੀ ਗਲੋਬ ਐਂਡ ਮੇਲ ਨੂੰ ਦੱਸਿਆ ਕਿ ਮਿਸ ਸਹੋਤਾ ਦਾ ਫਲਾਇਰ ਇਹ ਜਾਣਕਾਰੀ ਦਿੰਦਾ ਸੀ ਕਿ ਕਿਥੇ ਤੇ ਕਦੋਂ ਵੋਟ ਪਾਉਣੀ ਹੈ। ਚਾਹਲ ਵਲੋਂ ਛੱਡਿਆ ਗਿਆ ਫਲਾਇਰ ਵੀ ਵੋਟਿੰਗ ਬਾਰੇ ਜਾਣਕਾਰੀ ਦਿੰਦਾ ਸੀ ਪਰ ਪੇਨੇਟ ਨੇ ਕਿਹਾ ਕਿ ਇਹ ਸਹੀ ਨਹੀਂ ਸੀ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

# ਕੇਜਰੀਵਾਲ ਵੱਲੋਂ ਮੁਫਤ ਮੈਡੀਕਲ ਸਹੂਲਤਾਂ ਦੇਣ ਦਾ ਵਾਅਦਾ

ਲੁਧਿਆਣਾ-ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਪੰਜਾਬ ਦਾ ਸਿਆਸੀ ਮਾਹੌਲ ਭਖ਼ਿਆ ਹੋਇਆ ਹੈ। ਇਸੇ ਤਹਿਤ ਆਮ ਆਦਮੀ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਦੂਜੀ ਗਾਰੰਟੀ ਦਾ ਐਲਾਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਮੁਫ਼ਤ ਤੇ ਚੰਗਾ ਇਲਾਜ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਹਰ ਪੰਜਾਬੀ ਦਾ ਹੈਲਥ ਕਾਰਡ ਬਣਾਇਆ ਜਾਵੇਗਾ ਜਿਸ ਵਿੱਚ ਉਸ ਦੀ ਸਿਹਤ ਸਬੰਧੀ ਹਰ ਵੇਰਵਾ ਦਰਜ ਹੋਵੇਗਾ। ਪੂਰੇ ਪੰਜਾਬ ਦੇ ਪਿੰਡਾਂ ਵਿੱਚ ਕਲੀਨਿਕ ਤੇ ਵਾਰਡਾਂ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੂੰ ਉਹ ਪਹਿਲਾਂ ਹੀ ਦਿੱਲੀ ਵਿੱਚ ਲਾਗੂ ਕਰ ਚੁੱਕੇ ਹਨ। ਕੇਜਰੀਵਾਲ ਨੇ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ 'ਤੇ ਸਿਹਤ ਸੇਵਾਵਾਂ ਬਾਰੇ ਛੇ ਵੱਡੀਆਂ ਸਹੂਲਤਾਂ ਵਾਲੀ ਦੂਜੀ ਗਾਰੰਟੀ ਦਾ ਐਲਾਨ ਕੀਤਾ ਹੈ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਸਿਹਤ ਸੁਵਿਧਾਵਾਂ ਦਾ ਬਹੁਤ ਬੁਰਾ ਹਾਲ ਹੈ, ਇੱਥੋਂ ਦੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦੇ ਨਾਂ 'ਤੇ ਕੁਝ ਨਹੀਂ ਹੋ ਰਿਹਾ। ਲੋਕਾਂ ਨੂੰ ਇਲਾਜ ਕਰਵਾਉਣ ਲਈ ਪ੍ਰਾਈਵੇਟ ਹਸਪਤਾਲਾਂ ਵਿੱਚ ਲੱਖਾਂ ਰੁਪਏ ਖ਼ਰਚਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਦੀ ਹੈ ਤਾਂ ਸਿਹਤ ਸੁਵਿਧਾਵਾਂ ਵਿੱਚ ਸੁਧਾਰ ਕੀਤਾ ਜਾਵੇਗਾ ਅਤੇ ਸੂਬੇ ਦੇ ਹਰੇਕ ਵਸਨੀਕ ਨੂੰ ਮੁਫ਼ਤ ਤੇ ਵਧੀਆ ਇਲਾਜ ਮੁਹੱਈਆ ਕਰਾਇਆ ਜਾਵੇਗਾ। ਦੂਜੀ ਸਹੂਲਤ ਦਾ ਵੇਰਵਾ ਦਿੰਦਿਆਂ ਕੇਜਰੀਵਾਲ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਸਾਰੀਆਂ ਦਵਾਈਆਂ, ਟੈਸਟ ਅਤੇ ਅਪਰੇਸ਼ਨ ਮੁਫ਼ਤ ਕੀਤੇ ਜਾਣਗੇ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚਲੀ ਦਵਾਈਆਂ ਦੀ ਖ਼ਿੜਕੀ ਖੋਲ੍ਹੀ ਜਾਵੇਗੀ ਅਤੇ ਠੱਪ ਪਈ ਮੈਡੀਕਲ ਮਸ਼ੀਨਰੀ ਚਾਲੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮਰੀਜ਼ ਦਾ 10 ਤੋਂ 20 ਲੱਖ ਦਾ ਅਪਰੇਸ਼ਨ ਬਿਲਕੁਲ ਮੁਫ਼ਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਅਤੇ ਮਰੀਜ਼ ਦੇ ਇਲਾਜ ਨੂੰ ਸੌਖਾ ਬਣਾਉਣ ਲਈ 'ਡਿਜੀਟਲ ਹੈਲਥ ਕਾਰਡ' ਦੇਣ ਦਾ ਵਾਅਦਾ ਵੀ ਕੀਤਾ, ਜਿਸ ਵਿੱਚ ਮਰੀਜ਼ ਬਾਰੇ ਪੂਰੀ ਜਾਣਕਾਰੀ, ਟੈਸਟ ਰਿਪੋਰਟਾਂ ਅਤੇ ਐਕਸਰੇਅ ਤੇ ਰਿਪੋਰਟਾਂ ਦਾ ਕੰਪਿਊਟਰੀਕ੍ਰਿਤ ਵੇਰਵਾ ਦਰਜ ਹੋਵੇਗਾ। ਇਸ ਦੇ ਨਾਲ ਹੀ ਦਿੱਲੀ ਦੇ ਮੁਹੱਲਾ ਕਲੀਨਿਕ ਦੀ ਤਰਜ਼ 'ਤੇ ਪੰਜਾਬ ਪਿੰਡਾਂ ਅਤੇ ਸ਼ਹਿਰਾਂ ਦੇ ਵਾਰਡਾਂ ਵਿੱਚ 16 ਹਜ਼ਾਰ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ ਅਤੇ ਇਨ੍ਹਾਂ ਮੁਹੱਲਾ ਕਲੀਨਿਕਾਂ ਵਿੱਚ ਆਮ ਬਿਮਾਰੀਆਂ ਦਾ ਇਲਾਜ ਹੋਵੇਗਾ। ਸੜਕ ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਮੁਫ਼ਤ ਇਲਾਜ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੀ ਤਰਜ਼ 'ਤੇ ਪੰਜਾਬ ਦੇ ਨੇੜਲੇ ਪ੍ਰਾਈਵੇਟ ਜਾਂ ਸਰਕਾਰੀ ਹਸਪਤਾਲਾਂ ਵਿੱਚ ਵੀ ਜ਼ਖ਼ਮੀਆਂ ਦੇ ਇਲਾਜ ਦਾ ਸਾਰਾ ਖ਼ਰਚਾ ਸਰਕਾਰ ਚੁੱਕੇਗੀ। ਇਸ ਮੌਕੇ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਸਹਿ- ਇੰਚਾਰਜ ਰਾਘਵ ਚੱਢਾ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਮੰਚ 'ਤੇ ਮੌਜੂਦ ਸਨ।



# ਪੰਜਾਬੀਆਂ ਨੂੰ ਗੁਮਰਾਹ ਕਰ ਰਹੇ ਨੇ ਕੇਜਰੀਵਾਲ-ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਵਿੱਚ ਸਿਹਤ ਮਾਡਲ ਫਲਾਪ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬੀਆਂ ਨੂੰ ਗੁਮਰਾਹ ਕਰਨ ਆ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਇੱਥੇ ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ ਦੇ ਕਾਂਗਰਸ ਛੱਡ ਕੇ ਮੁੜ ਅਕਾਲੀ ਦਲ ਵਿਚ ਸ਼ਾਮਲ ਹੋਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਸੁਖਬੀਰ ਸਿੰਘ ਬਾਦਲ ਨੇ ਸ੍ਰੀ ਬਾਜਵਾ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਵੀ ਕਰ ਦਿੱਤਾ। ਇਸ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਵੱਲੋਂ ਲੁਧਿਆਣਾ ਵਿੱਚ ਅੱਜ ਦਿੱਤੀ 'ਦੂਜੀ ਗਾਰੰਟੀ' ਬਾਰੇ ਗੱਲ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਕੇਜਰੀਵਾਲ ਹਿੰਦੀ ਵਿੱਚ ਉਹੀ ਐਲਾਨ ਦੁਹਰਾ ਰਹੇ ਹਨ ਜੋ 3 ਅਗਸਤ ਨੂੰ ਅਕਾਲੀ ਦਲ ਨੇ ਕੀਤੇ ਸਨ, ਪਰ 'ਆਪ' ਅਤੇ ਅਕਾਲੀ ਦਲ ਦੇ ਐਲਾਨਾਂ 'ਚ ਬਹੁਤ ਵੱਡਾ ਫ਼ਰਕ ਹੈ। ਉਨ੍ਹਾਂ ਕਿਹਾ, "ਸਾਡਾ ਇਤਿਹਾਸ ਰਿਹਾ ਹੈ ਕਿ ਅਸੀਂ ਆਪਣੇ ਵਾਅਦੇ ਪੂਰੇ ਕਰਦੇ ਹਾਂ। ਅਸੀਂ ਏਮਸ, ਪਿਜਸ, ਬਾਬਾ ਫ਼ਰੀਦ




ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਬਣਾਈ ਤੇ ਪੰਜਾਬ ਵਿਚ ਸਾਰੇ ਕਮਿਊਨਿਟੀ ਹੈਲਥ ਸੈਂਟਰਾਂ ਨੂੰ ਅਪਗ੍ਰੇਡ ਕੀਤਾ, ਪਰ ਕੇਜਰੀਵਾਲ ਨੇ ਅਜਿਹਾ ਕੁਝ ਨਹੀਂ ਕੀਤਾ।" ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਦਿੱਲੀ ਸਰਕਾਰ ਨੇ ਹਾਈ ਕੋਰਟ ਵਿਚ ਮੰਨਿਆ ਹੈ ਕਿ 35 ਹਸਪਤਾਲਾਂ ਦੇ ਹਾਲਾਤ ਬਹੁਤ ਮਾੜੇ ਹਨ। ਉਨ੍ਹਾਂ ਕਿਹਾ ਕਿ ਕੌਮੀ ਰਾਜਧਾਨੀ ਵਿਚ ਕਰੋਨਾ ਨਾਲ 25 ਹਜ਼ਾਰ ਮੌਤਾਂ ਹੋ ਗਈਆਂ ਹਨ ਅਤੇ 103 ਡਾਕਟਰਾਂ ਦੀ ਕਰੋਨਾ ਡਿਊਟੀ ਦੌਰਾਨ ਮੌਤ ਹੋ ਗਈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਕੇਜਰੀਵਾਲ ਜੋ ਸਿਹਤ ਸਹੂਲਤਾਂ ਦਿੱਲੀ ਵਿੱਚ ਨਹੀਂ ਦੇ ਸਕੇ, ਉਨ੍ਹਾਂ ਦੀ ਗਾਰੰਟੀ ਪੰਜਾਬੀਆਂ ਨੂੰ ਦੇ ਰਹੇ ਹਨ। ਸੁਖਬੀਰ ਨੇ ਕਿਹਾ ਕਿ ਕੇਜਰੀਵਾਲ ਦਿੱਲੀ ਦੇ ਫੇਲ੍ਹ ਮੁਹੱਲਾ ਕਲੀਨਿਕ ਮਾਡਲ ਨਾਲ ਪੰਜਾਬ ਵਿਚ 16000 ਪਿੰਡ ਪੱਧਰ ਦੇ ਕਲੀਨਿਕ ਸਥਾਪਿਤ ਕਰਨ ਦਾ ਵਾਅਦਾ ਕਰ ਕੇ ਪੰਜਾਬੀਆਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਹੇ ਹਨ। ਕੇਜਰੀਵਾਲ ਨੇ ਦਿੱਲੀ ਵਿਚ 1000 ਮੁਹੱਲਾ ਕਲੀਨਿਕ ਖੋਲ੍ਹਣ ਦਾ ਵਾਅਦਾ ਕੀਤਾ ਸੀ, ਪਰ ਛੇ ਸਾਲਾਂ ਵਿਚ ਸਿਰਫ਼ 480 ਕਲੀਨਿਕ ਖੋਲ੍ਹੇ ਗਏ, ਜਿਨ੍ਹਾਂ ਵਿੱਚੋਂ 270 ਮਾਰਚ 2020 ਤੋਂ ਬੰਦ ਪਏ ਹਨ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਤੇ ਡਾ. ਦਲਜੀਤ ਸਿੰਘ ਚੀਮਾ ਵੀ ਹਾਜ਼ਰ ਸਨ।

**UNI GLOBAL IMMIGRATION**
**CONSULTING SERVICES LTD.**
*Your Dream......Our Passion*
***For All Your Immigration Related Needs***

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

**Tel: 604-338-4975**
**604-507-9962**
rcic · cric
**#12387 - 75 Ave., Surrey BC V3W 2S7**
Email: contactuniglobal@gmail.com

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

## ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ **9-1-1** 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

**heartandstroke.ca/Punjabi**

Heart &Stroke™
With the support of
BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada

# ਗਾਂਧੀ ਦਾ ਸੁਪਨਾ ਅਤੇ ਰਾਜ ਧਰਮ ਦੀ ਪਾਲਣਾ


**ਅਸ਼ਵਨੀ ਕੁਮਾਰ**

ਹਰ ਸਾਲ ਵਾਂਗ ਦੋ ਅਕਤੂਬਰ ਨੂੰ ਸਮੁੱਚਾ ਮੁਲਕ ਮੋਹਨਦਾਸ ਕਰਮਚੰਦ ਗਾਂਧੀ (ਮਹਾਤਮਾ ਗਾਂਧੀ) ਨੂੰ ਉਨ੍ਹਾਂ ਦੀ 150ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਸੰਘਰਸ਼ਮਈ ਤੇ ਨਿਆਂ ਨੂੰ ਸਮਰਪਿਤ ਜੀਵਨ ਤੋਂ ਪ੍ਰੇਰਨਾ ਲੈ ਰਿਹਾ ਹੈ। ਇਸ ਮੌਕੇ ਮੁਲਕ ਦੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਆਪਣੇ ਅੰਦਰ ਝਾਤੀ ਮਾਰ ਕੇ ਸਾਨੂੰ ਇਹ ਸੋਚਣਾ ਪਵੇਗਾ ਕਿ ਕੀ ਬਾਪੂ ਦੇ ਉਸ ਰਾਮ ਰਾਜ ਦੀ ਕਲਪਨਾ ਜਿਸ ਦੀ ਨੀਂਹ ਸਮਾਜਿਕ ਨਿਆਂ, ਸਦਭਾਵਨਾ ਤੇ ਬਰਾਬਰੀ ਦੀ ਬੁਨਿਆਦ 'ਤੇ ਰੱਖੀ ਗਈ ਸੀ, ਨੂੰ ਅਸੀਂ ਸਾਕਾਰ ਕਰ ਸਕੇ ਹਾਂ? ਕੀ ਆਜ਼ਾਦ ਭਾਰਤ ਵਿਚ ਅਸੀਂ ਮੁਲਕ ਵਾਸੀਆਂ ਦੇ ਮੂਲ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰ ਸਕੇ ਹਾਂ ਅਤੇ ਕੀ ਮਹਿਰੂਮ ਤੇ ਪਿੱਛੜੇ ਵਰਗਾਂ ਨੂੰ ਬਣਦਾ ਆਰਥਿਕ ਤੇ ਸਮਾਜਿਕ ਨਿਆਂ ਦਿਵਾ ਸਕੇ ਹਾਂ? ਇਹ ਪ੍ਰਸ਼ਨ ਸਮੇਂ ਸਮੇਂ 'ਤੇ ਉੱਠਦੇ ਰਹੇ ਹਨ, ਪਰ ਕਈ ਪੱਧਰਾਂ 'ਤੇ ਪੇਸ਼ਕਦਮੀ ਦੇ ਬਾਵਜੂਦ ਅਸੀਂ ਬਾਪੂ ਦੀ ਕਲਪਨਾ ਦੇ ਇਸ ਨਿਆਂਸੰਗਤ ਸਮਾਜ ਅਤੇ ਸ਼ਾਸਨ ਦੇ ਖਿਆਲ ਨੂੰ ਪਰਿਭਾਸ਼ਤ ਨਹੀਂ ਕਰ ਸਕੇ।

ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਨੂੰ ਦੁਨੀਆਂ ਨੇ ਵੀ ਸਵੀਕਾਰ ਕੀਤਾ ਹੈ। 1947 ਤਕ ਗ਼ੁਲਾਮ ਰਿਹਾ ਮੁਲਕ ਆਪਣੇ ਬਲਬੂਤੇ ਸੰਸਾਰ ਦੀ ਮਹਾਨ ਸ਼ਕਤੀ ਅਤੇ ਵਿਸ਼ਾਲ ਲੋਕਰਾਜ ਦੇ ਰੂਪ ਵਿਚ ਉੱਭਰਿਆ ਹੈ।

ਪਰ ਮੁਲਕ ਦੇ ਵਰਤਮਾਨ ਹਾਲਾਤ ਬਾਪੂ ਦੇ ਸੁਪਨਿਆਂ ਤੋਂ ਬਹੁਤ ਪਰੇ ਹਨ ਅਤੇ ਸਾਨੂੰ ਸ਼ਰਮਸ਼ਾਰ ਕਰਦੇ ਹਨ। ਚਾਰੇ ਪਾਸੇ ਖ਼ੌਫ਼ ਦਾ ਆਲਮ ਹੈ। ਨਾਗਰਿਕ ਸੁਰੱਖਿਆ ਦੀ ਕਮੀ ਹੈ। ਫ਼ਿਰਕੂ ਤਾਕਤਾਂ ਦਾ ਉਭਾਰ, ਹੁੱਲੜਬਾਜ਼ੀ, ਮਨੁੱਖੀ ਅਧਿਕਾਰਾਂ ਦਾ ਘਾਣ, ਬੁੱਧੀਜੀਵੀਆਂ ਦੀ ਸੰਘੀ ਘੁੱਟਣਾ, ਧਾਰਮਿਕ ਬੇਵਿਸਾਹੀ, ਜਾਤੀਵਾਦੀ ਹਿੰਸਾ, ਧਾਰਮਿਕ ਆਸਥਾਵਾਂ ਦਾ ਹੀ ਖਿਆਲ ਨਾ ਰੱਖਣਾ, ਵਧਦੀ ਆਰਥਿਕ ਨਾ-ਬਰਾਬਰੀ, ਦਲਿਤਾਂ, ਪੱਛੜਿਆਂ ਤੇ ਗ਼ਰੀਬਾਂ ਦਾ ਸ਼ੋਸ਼ਣ, ਔਰਤਾਂ ਨਾਲ ਜਬਰ ਜਨਾਹ, ਬੱਚਿਆਂ ਦਾ ਸ਼ੋਸ਼ਣ, ਬਜ਼ੁਰਗਾਂ ਦਾ ਨਿਰਾਦਰ, ਗ਼ਰੀਬੀ ਦੇ ਬੋਝ ਥੱਲੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਸਰਕਾਰਾਂ ਦਾ ਦਮਨਕਾਰੀ ਰੁਝਾਨ, ਸੰਵਿਧਾਨਕ ਸਿਧਾਂਤਾਂ ਦੀ ਹੇਠੀ ਅਤੇ ਲਗਾਤਾਰ ਪੈਰ ਪਸਾਰਦਾ ਹੋਇਆ ਭ੍ਰਿਸ਼ਟਾਚਾਰ ਕਿਸੇ ਸੱਭਿਅਕ ਸਮਾਜ ਅਤੇ ਮੁਲਕ ਦਾ ਦਰਸ਼ਨ ਤਾਂ ਨਹੀਂ ਦੇ ਸਕਦੇ।

ਗਾਂਧੀ ਜੀ ਦੀ ਜਯੰਤੀ ਸੰਸਾਰ ਅਹਿੰਸਾ ਦਿਵਸ ਦੇ ਤੌਰ 'ਤੇ ਮਨਾਈ ਜਾਂਦੀ ਹੈ, ਪਰ ਆਪਣੇ ਹੀ ਮੁਲਕ ਵਿਚ ਹਿੰਸਾ ਦੀਆਂ ਘਟਨਾਵਾਂ ਅਤੇ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇੱਥੋਂ ਤਕ ਕਿ ਹਿਰਾਸਤ ਵਿਚ ਬੰਦੀਆਂ 'ਤੇ ਢਾਹੇ ਜਾ ਰਹੇ ਤਸ਼ੱਦਦ ਰਾਹੀਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਜੋ ਉਲੰਘਣਾ ਨਿੱਤ ਦਿਨ ਹੋ ਰਹੀ ਹੈ, ਉਸ ਉੱਤੇ ਰੋਕ ਲਾਉਣ ਜਾਂ ਠੱਲ੍ਹ ਪਾਉਣ ਲਈ ਕੋਈ ਅਸਰਦਾਰ ਕਾਨੂੰਨ ਨਹੀਂ ਹੈ। ਬਜ਼ੁਰਗਾਂ ਨੂੰ ਉਨ੍ਹਾਂ ਦੇ ਸਕੇ-ਸੋਧਰੇ ਹੀ ਬਿਰਧ ਆਸ਼ਰਮਾਂ ਵਿਚ ਧੱਕ ਦੇਣ, ਉਹ ਮੁਲਕ ਗਾਂਧੀ ਦੇ ਸੁਪਨਿਆਂ ਦਾ ਮੁਲਕ ਤਾਂ ਨਹੀਂ ਹੋ ਸਕਦਾ। ਕੀ ਬਾਪੂ ਨੇ ਕਦੇ ਖ਼ੁਆਬ ਵਿਚ ਵੀ ਸੋਚਿਆ ਹੋਵੇਗਾ ਕਿ ਜਿਹੜੇ ਮੁਲਕ ਦੇ ਆਜ਼ਾਦੀ ਦੇ ਅੰਦੋਲਨ ਅਤੇ ਸਮਾਜਿਕ ਨਿਆਂ ਦੇ ਆਦਰਸ਼ਾਂ ਨੂੰ ਬੁੱਧੀਜੀਵੀਆਂ ਤੇ ਮਹਾਕਵੀਆਂ ਨੇ ਪ੍ਰੇਰਿਤ ਕੀਤਾ ਹੈ, ਉਸ ਮੁਲਕ ਵਿਚ ਉਨ੍ਹਾਂ ਨੂੰ ਨਾਇਨਸਾਫ਼ੀ ਦੇ ਖ਼ਿਲਾਫ਼ ਵਿਚਾਰਧਾਰਕ ਸੰਘਰਸ਼ ਲਈ ਦੇਸ਼ ਧ੍ਰੋਹੀ ਕਰਾਰ ਦਿੱਤਾ ਜਾਵੇਗਾ? ਕੀ ਬਾਪੂ ਦੇ ਸੁਪਨਿਆਂ ਦੇ ਆਜ਼ਾਦ ਭਾਰਤ ਵਿਚ ਸੱਤਾ ਵਿਰੋਧੀਆਂ ਨੂੰ ਕੈਦ ਕੱਟਣੀ ਪਵੇਗੀ? ਇਹ ਸਵਾਲ ਸੁਭਾਵਿਕ ਵੀ ਹੈ ਅਤੇ ਜ਼ਰੂਰੀ ਵੀ।



ਇਹ ਪ੍ਰਤੱਖ ਹੈ ਕਿ ਦਮਨਕਾਰੀ ਸ਼ਾਸਕ ਆਪਣੀਆਂ ਕਮਜ਼ੋਰੀਆਂ ਅਤੇ ਦਮਨ ਦੀ ਪਰਦਾਪੋਸ਼ੀ ਖ਼ਾਤਰ ਮੁਲਕ ਦੀ ਸੁਰੱਖਿਆ ਤੇ ਅਮਨ ਕਾਨੂੰਨ ਦੀ ਦੁਹਾਈ ਦਿੰਦੇ ਰਹਿੰਦੇ ਹਨ, ਜਿਵੇਂ ਪਿਛਲੇ ਦਿਨੀਂ ਸਮਾਜਿਕ ਅਨਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਨੂੰ ਕੈਦ ਕਰਨ ਸਮੇਂ ਵਾਪਰਿਆ। ਕਿਸੇ ਨੇ ਠੀਕ ਹੀ ਕਿਹਾ ਹੈ:

'ਨਾਮ ਸੇ ਕਾਨੂੰਨ ਹੋਤੇ ਹੈਂ ਕਯਾ ਸਿਤਮ, ਜ਼ੇਰ-ਏ-ਨਕਾਬ ਦੇਖੀਏ ਕਬ ਤਕ ਰਹੇ।'

ਸੱਤਾ ਦੇ ਗਲਿਆਰਿਆਂ ਵਿਚ ਨਿਆਂ, ਕਰੁਣਾ, ਸੰਵੇਦਨਾ ਅਤੇ ਧੀਰਜ ਦੇ ਦਰਸ਼ਨ ਹੁਣ ਗੌਣ ਹਨ। ਸ਼ਾਇਦ ਅੱਜ ਵਰਗੇ ਚਿੰਤਾਜਨਕ ਹਾਲਾਤ ਮੁਲਕ ਵਿਚ ਪਹਿਲਾਂ ਕਦੇ ਵੀ ਨਹੀਂ ਸਨ। ਮੁਲਕ ਦੀਆਂ ਮੂਲ ਧਾਰਨਾਵਾਂ ਅਤੇ ਬਾਪੂ ਦੇ ਸਿਧਾਂਤਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਮੁਲਕ ਦੀ ਆਤਮਾ 'ਤੇ ਪੱਛ ਲੱਗ ਰਹੇ ਹਨ। ਗਾਂਧੀ ਜੀ ਨੇ ਸਾਨੂੰ ਸਿਖਾਇਆ ਅਤੇ ਜਚਾਇਆ ਹੈ ਕਿ ਜੇ ਮੁਲਕ ਵਾਸੀ ਚੌਕਸ ਹੋਣ ਤਾਂ ਕੋਈ ਵੀ ਤਾਨਾਸ਼ਾਹ ਸਮਾਜ ਦੀ ਚੇਤਨਾ ਅਤੇ ਮੁਲਕ ਦੀ ਭਾਵਨਾ ਨੂੰ ਕਦੀ ਵੀ ਕੁਚਲ ਨਹੀਂ ਸਕਦਾ। ਲਿਹਾਜ਼ਾ, ਉਨ੍ਹਾਂ ਦੇ ਹੱਥ ਵਿਚ ਕਲਮ ਅਤੇ ਅਨਿਆਂ ਦੇ ਖ਼ਿਲਾਫ਼ ਵਿਚਾਰਾਂ ਦੇ ਪ੍ਰਗਟਾਵੇ ਦੀ ਸ਼ਕਤੀ ਹੈ, ਅਜਿਹੇ ਵਕਤ ਉਹ ਮੌਨ ਨਹੀਂ ਧਾਰ ਸਕਦੇ। ਬਾਪੂ ਦੇ ਆਦਰਸ਼ਾਂ ਨੂੰ ਯਾਦ ਰੱਖਦੇ ਹੋਏ ਸਾਨੂੰ ਪਾਪ ਤੇ ਪੁੰਨ, ਸੱਚ ਤੇ ਝੂਠ, ਇਨਸਾਨੀਅਤ ਤੇ ਹੈਵਾਨੀਅਤ ਵਿਚਲੇ ਫ਼ਰਕ ਨੂੰ ਦੁਹਰਾਉਂਦੇ ਰਹਿਣਾ ਪਵੇਗਾ ਤਾਂ ਕਿ ਸਾਡੀ ਖ਼ਾਮੋਸ਼ੀ ਕਿਤੇ ਅਨਿਆਂ ਦੀ ਨੀਂਹ ਨਾ ਬਣ ਜਾਵੇ ਅਤੇ ਹਾਲਾਤ ਕਿਤੇ ਹੋਰ ਵੀ ਮਾੜੇ ਨਾ ਹੋ ਜਾਣ। ਆਉਣ ਵਾਲੀਆਂ ਚੋਣਾਂ ਖ਼ੌਫ਼, ਆਜ਼ਾਦੀ ਅਤੇ ਆਤਮ ਸਨਮਾਨ ਦਰਮਿਆਨ ਸੰਘਰਸ਼ ਦਾ ਐਲਾਨ ਹੈ ਜਿਸ ਵਿਚ ਆਤਮ ਸਨਮਾਨ ਅਤੇ ਆਜ਼ਾਦੀ ਨਾਲ ਜੁੜੇ ਮੁਲਕ ਦੇ ਅਹਿਸਾਸ ਦੀ ਜਿੱਤ ਯਕੀਨੀ ਬਣਾਉਣੀ ਪਵੇਗੀ। ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਇਕਜੁੱਟ ਹੋ ਕੇ ਮਹਿਜ਼ ਸੱਤਾ ਪ੍ਰਾਪਤੀ ਲਈ ਨਹੀਂ ਸਗੋਂ ਗਾਂਧੀ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਮਕਸਦ ਤਹਿਤ ਇਸ ਸੰਘਰਸ਼ ਵਿਚ ਉਤਰਨਾ ਪਵੇਗਾ। ਅਨਿਆਂ ਦੇ ਖ਼ਿਲਾਫ਼ ਸ਼ਾਂਤੀਪੂਰਨ ਸੰਘਰਸ਼ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਅਤੇ ਮਨੁੱਖੀ ਅਧਿਕਾਰਾਂ 'ਤੇ ਟਿਕੀ ਲੋਕਰਾਜੀ ਵਿਵਸਥਾ ਨੂੰ ਮਜ਼ਬੂਤ ਕਰਨਾ ਹੀ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ 150ਵੀਂ ਜਯੰਤੀ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮਾਰਗ 'ਤੇ ਚੱਲਦਿਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਮਿਲ ਕੇ ਅਜਿਹੇ ਸਿਆਸੀ ਸੰਵਾਦ ਅਤੇ ਸ਼ੈਲੀ ਨੂੰ ਅਪਨਾਉਣਾ ਪਵੇਗਾ ਜਿਸ ਵਿਚ ਕੱਟੜਤਾ, ਵੈਰ-ਭਾਵ, ਹਉਮੈ ਅਤੇ ਹਿੰਸਾ ਦੀ ਰੱਤੀ ਭਰ ਵੀ ਝਲਕ ਨਾ ਪੈਂਦੀ ਹੋਵੇ।


ਪ੍ਰਧਾਨ ਮੰਤਰੀ, ਜੋ ਖ਼ੁਦ ਨੂੰ ਮਹਾਤਮਾ ਗਾਂਧੀ ਦਾ ਸ਼ਾਗਿਰਦ ਤੇ ਸ਼ਰਧਾਲੂ ਮੰਨਦੇ ਹਨ, ਨੂੰ ਹੁਣ ਇਹ ਪ੍ਰਵਾਨ ਕਰਨਾ ਪਵੇਗਾ ਕਿ ਰਾਮ ਰਾਜ ਦੀ ਸਥਾਪਨਾ ਰਾਜ ਧਰਮ ਦੀ ਪਾਲਣਾ ਤੋਂ ਬਿਨਾਂ ਸੰਭਵ ਨਹੀਂ ਹੈ। ਭਾਰਤ ਦੇ ਹਰ ਨਾਗਰਿਕ ਦੀ ਸ਼ਾਨ ਅਤੇ ਸਨਮਾਨ ਨੂੰ ਯਕੀਨੀ ਬਣਾਉਣਾ ਹੀ ਸਭ ਤੋਂ ਵੱਡਾ ਰਾਜ ਧਰਮ ਹੈ ਜਿਸ ਲਈ ਵੱਡਾ ਦਿਲ ਤੇ ਉੱਚੀ ਸੋਚ ਦਰਕਾਰ ਹੈ।

## ਮਹਾਤਮਾ ਗਾਂਧੀ ਬਾਰੇ ਭਗਤ ਸਿੰਘ ਦੇ ਵਿਚਾਰ

1920 ਵਿਚ ਅਹਿਮਦਾਬਾਦ ਵਿਚ ਮਜ਼ਦੂਰਾਂ ਦੇ ਨਾਲ ਆਪਣੇ ਪਹਿਲੇ ਅਨੁਭਵ ਤੋਂ ਬਾਅਦ ਮਹਾਤਮਾ ਗਾਂਧੀ ਨੇ ਕਿਹਾ ਸੀ, "ਸਾਨੂੰ ਮਜ਼ਦੂਰਾਂ ਨਾਲ ਸੱਠ-ਗੱਠ ਨਹੀਂ ਕਰਨੀ ਚਾਹੀਦੀ।" ਕਾਰਖਾਨਿਆਂ ਦੇ ਪਰੋਲੇਤਾਰੀ ਵਰਗ ਦਾ ਰਾਜਨੀਤਕ ਹਿੱਤਾਂ ਲਈ ਇਸਤੇਮਾਲ ਕਰਨਾ ਖ਼ਤਰਨਾਕ ਹੈ। (ਮਈ, 1931 ਦੇ 'ਦੀ ਟਾਈਮਜ਼' ਤੋਂ) ਉਦੋਂ ਤੋਂ ਉਨ੍ਹਾਂ ਨੇ ਇਸ ਵਰਗ ਨੂੰ ਨਾਲ ਲੈਣ ਦੀ ਖੇਚਲ ਨਹੀਂ ਕੀਤੀ। ਇਹੀ ਹਾਲ ਕਿਸਾਨਾਂ ਦਾ ਹੈ। 1922 ਦਾ ਬਾਰਦੋਲੀ ਸੱਤਿਆਗ੍ਰਹਿ ਪੂਰੀ ਤਰ੍ਹਾਂ ਸਪਸ਼ਟ ਕਰਦਾ ਹੈ ਕਿ ਨੇਤਾਵਾਂ ਨੇ ਜਦੋਂ ਕਿਸਾਨ ਜਮਾਤ ਦੀ ਉਸ ਬਗ਼ਾਵਤ ਨੂੰ ਦੇਖਿਆ, ਜਿਸ ਨੇ ਸਿਰਫ਼ ਵਿਦੇਸ਼ੀ ਕੌਮ ਦੇ ਹਾਵੀ ਹੋਣ ਤੋਂ ਹੀ ਮੁਕਤ ਨਹੀਂ ਹੋਣਾ ਸੀ ਸਗੋਂ ਦੇਸੀ ਜ਼ਿਮੀਂਦਾਰਾਂ ਦੀਆਂ ਜੰਜ਼ੀਰਾਂ ਵੀ ਤੋੜਨੀਆਂ ਸਨ, ਤਾਂ ਕਿੰਨਾ ਖ਼ਤਰਾ ਮਹਿਸੂਸ ਕੀਤਾ ਸੀ।










## ਮੁੜ ਘੱਟ ਗਿਣਤੀ ਸਰਕਾਰ...

# ਲੋਕ ਫਤਵੇ ਦਾ ਸਤਿਕਾਰ ਕਰਦਿਆਂ ਅੱਗੇ ਵਧਣ ਦੀ ਲੋੜ


**ਸੁਖਵਿੰਦਰ ਸਿੰਘ ਚੋਹਲਾ**

20 ਸਤੰਬਰ ਨੂੰ ਹੋਈਆਂ ਚੋਣਾਂ ਦੇ ਨਤੀਜੇ ਉਹੀ ਰਹੇ ਜਿਸਦੀ ਉਮੀਦ ਕੀਤੀ ਜਾ ਰਹੀ ਸੀ। ਬਹੁਗਿਣਤੀ ਚੋਣ ਸਰਵੇਖਣ ਇਹੀ ਕਹਿ ਰਹੇ ਸਨ ਕਿ ਮੁੜ ਘੱਟ ਗਿਣਤੀ ਸਰਕਾਰ ਬਣਨ ਜਾ ਰਹੀ ਹੈ ਤੇ ਹੋਇਆ ਵੀ ਇੰਜ ਹੀ। ਲਿਬਰਲ ਆਗੂ ਮੁੜ ਪ੍ਰਧਾਨ ਮੰਤਰੀ ਬਣਨ ਤਾਂ ਜਾ ਰਹੇ ਹਨ ਪਰ ਨਾਲ ਹੀ ਕੋਵਿਡ ਸੰਕਟ ਦੌਰਾਨ ਲੋਕਾਂ ਉਪਰ 600 ਮਿਲੀਅਨ ਡਾਲਰ ਤੋਂ ਵਧੇਰੇ ਚੋਣਾਂ ਦਾ ਵਾਧੂ ਬੋਝ ਪਾਉਣ ਲਈ ਸਵਾਲਾਂ ਦੇ ਘੇਰੇ ਵਿਚ ਵੀ ਹਨ। ਲੋਕ ਪੁੱਛ ਰਹੇ ਹਨ ਕਿ ਜੇ ਸਥਿਤੀ ਪਹਿਲਾਂ ਵਾਲੀ ਰਹਿਣੀ ਸੀ ਤਾਂ ਇਹ ਚੋਣਾਂ ਕਿਉਂ ਕਰਵਾਈਆਂ ਗਈਆਂ? ਸ਼ਾਇਦ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਕੋਲ ਇਸਦਾ ਕੋਈ ਠੋਸ ਉਤਰ ਨਹੀ ਹੈ। ਪੂਰੀ ਚੋਣ ਮੁਹਿੰਮ ਦੌਰਾਨ ਕੰਸਰਵੇਟਿਵ ਅਤੇ ਐਨ ਡੀ ਪੀ ਵੱਲੋ ਪ੍ਰਧਾਨ ਮੰਤਰੀ ਟਰੂਡੋ ਨੂੰ ਕੋਵਿਡ ਮਹਾਂਮਾਰੀ ਦੌਰਾਨ ਚੋਣਾਂ ਕਰਵਾਏ ਜਾਣ ਨੂੰ ਮੌਕਾਪ੍ਰਸਤੀ ਅਤੇ ਸੱਤਾ ਦਾ ਲਾਲਚੀ ਹੋਣ ਵਜੋ ਭੰਡਿਆ ਗਿਆ। ਲੋਕ ਮਨਾਂ ਵਿਚ ਵੀ ਇਹ ਰਾਇ ਮਜ਼ਬੂਤ ਰਹੀ ਕਿ ਇਸ ਸਮੇ ਚੋਣਾਂ ਦੀ ਕੋਈ ਜ਼ਰੂਰਤ ਨਹੀ ਸੀ। ਘੱਟ ਗਿਣਤੀ ਸਰਕਾਰ ਆਪਣੇ ਢੰਗ ਨਾਲ ਚੱਲ ਰਹੀ ਸੀ ਤੇ ਕਿਸੇ ਵੀ ਵਿਰੋਧੀ ਧਿਰ ਤੋ ਕੋਈ ਖਤਰਾ ਨਹੀ ਸੀ।



ਸਦਨ ਵਿਚ ਲਿਆਂਦੇ ਕਿਸੇ ਵੀ ਬਿੱਲ ਸਮੇ ਸਰਕਾਰ ਨੂੰ ਕੋਈ ਅੜਿਚਣ ਨਹੀ ਆਈ ਤੇ ਨਾਹੀ ਆਉਣ ਦੀ ਉਮੀਦ ਸੀ। ਚੋਣ ਨਤੀਜਿਆਂ ਮੁਤਾਬਿਕ ਲਿਬਰਲ ਨੂੰ ਪਿਛਲੀ ਵਾਰ ਤੋ ਕੇਵਲ ਦੋ ਸੀਟਾਂ ਵੱਧ 159 ਸੀਟਾਂ ਮਿਲੀਆਂ ਹਨ। ਕੰਸਰਵੇਟਿਵ ਨੂੰ ਦੋ ਘੱਟ 119 ਸੀਟਾਂ, ਬਲਾਕ ਕਿਊਬੈਕਾ ਨੂੰ ਇਕ ਘੱਟ 33 ਸੀਟਾਂ ਜਦੋਂਕਿ ਐਨ ਡੀ ਪੀ ਆਗੂ ਨੂੰ ਮਿਲੀ ਲੋਕਪ੍ਰਿਯਤਾ ਕਾਰਣ ਉਸਨੂੰ ਵਧੇਰੇ ਸੀਟਾਂ ਮਿਲਣ ਦੀ ਉਮੀਦ ਸੀ ਪਰ ਉਹ ਵੀ ਕੇਵਲ 1 ਸੀਟ ਵਧਾਕੇ 25 ਸੀਟਾਂ ਲਿਜਾਣ ਵਿਚ ਕਾਮਯਾਬ ਰਹੇ। ਗਰੀਨ ਪਾਰਟੀ ਦੀ ਆਗੂ ਆਪਣੀ ਸੀਟ ਹਾਰ ਗਈ ਤੇ ਪਾਰਟੀ ਕੇਵਲ 2 ਸੀਟਾਂ ਤੇ ਹੀ ਅਟਕੀ ਰਹੀ। ਪੀਪਲਜ਼ ਪਾਰਟੀ ਆਫ ਕੈਨੇਡਾ ਜਿਸਨੂੰ ਵੈਕਸੀਨ ਵਿਰੋਧੀ ਲੋਕਾਂ ਦਾ ਵੱਡਾ ਸਮਰਥਨ ਹਾਸਲ ਰਿਹਾ, 5 ਪ੍ਰਤੀਸ਼ ਤੋ ਉਪਰ ਵੋਟਾਂ ਲਿਜਾਣ ਦੇ ਬਾਵਜੂਦ ਕੋਈ ਸੀਟ ਹਾਸਲ ਨਾ ਕਰ ਸਕੀ। ਭਾਵੇਂਕਿ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਵਜੋ ਮੁੜ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ ਪਰ ਇਸ ਵਾਰ ਵੀ ਉਹਨਾਂ ਨੂੰ ਆਪਣੀ ਘੱਟ ਗਿਣਤੀ ਸਰਕਾਰ ਚਲਾਉਣ ਲਈ ਐਨ ਡੀ ਪੀ ਆਗੂ ਜਗਮੀਤ ਸਿੰਘ ਉਪਰ ਨਿਰਭਰ ਰਹਿਣਾ ਹੋਵੇਗਾ। ਪਿਛਲੀ ਸਰਕਾਰ ਵਾਂਗ ਜਗਮੀਤ ਸਿੰਘ ਲੋਕ ਪੱਖੀ ਫੈਸਲਿਆਂ ਲਈ ਆਪਣੀ ਪਾਰਟੀ ਦਾ ਏਜੰਡਾ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਉਹਨਾਂ ਚੋਣਾਂ ਉਪਰੰਤ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਇਹ ਪ੍ਰਗਟਾਵਾ ਵੀ ਕੀਤਾ ਹੈ ਕਿ ਉਹ ਪਹਿਲਾਂ ਵਾਂਗ ਹੀ ਲੋਕਾਂ ਲਈ ਲੜਦੇ ਰਹਿਣਗੇ। ਬਹੁਮਤ ਵਾਲੀ ਸਰਕਾਰ ਦੇ ਬਹਾਨੇ ਮੱਧਕਾਲੀ ਚੋਣਾਂ ਕਰਵਾਉਣ ਤੇ ਸਥਿਤੀ ਜਿਉਂ ਦੀ ਤਿਉਂ ਰਹਿਣ ਵਾਸਤੇ ਟਰੂਡੋ ਕੋਲ ਕੋਈ ਜਵਾਬ ਨਹੀ ਹੈ। ਕੈਨੇਡੀਅਨ ਚੋਣ ਇਤਿਹਾਸ ਵੱਲ ਝਾਤੀ ਮਾਰਿਆਂ ਪਤਾ ਚਲਦਾ ਹੈ ਕਿ ਘੱਟ ਗਿਣਤੀ ਸਰਕਾਰਾਂ ਹਮੇਸ਼ਾ ਹੀ ਲੋਕ ਹਿੱਤੂ ਨੀਤੀਆਂ ਨੂੰ ਲਾਗੂ ਕਰਨ ਵਿਚ ਵਧੇਰੇ ਸਫਲ ਰਹੀਆਂ ਹਨ। 1962 ਤੋਂ ਬਾਦ 20 ਫੈਡਰਲ ਸਰਕਾਰਾਂ ਚੋਂ 10 ਘੱਟ ਗਿਣਤੀ ਸਰਕਾਰਾਂ ਰਹੀਆਂ ਹਨ ਤੇ ਇਸ ਦੌਰਾਨ ਇਹ ਰੁਝਾਨ ਵੀ ਵੇਖਣ ਨੂੰ ਮਿਲੀਆਂ ਕਿ ਕਿਸੇ ਇਕ ਪਾਰਟੀ ਲਈ 170 ਸੀਟਾਂ ਦਾ ਬਹੁਮਤ ਵਾਲਾ ਜਾਦੂਈ ਅੰਕੜਾ ਪ੍ਰਾਪਤ ਕਰਨ ਕਿੰਨਾ ਮੁਸ਼ਕਲ ਹੈ। ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 2008 ਅਤੇ 2011 ਵਿਚ ਘੱਟ ਗਿਣਤੀ ਸਰਕਾਰਾਂ ਨੂੰ ਭੰਗ ਕਰਦਿਆਂ ਹੀ ਬਹੁਮਤ ਪ੍ਰਾਪਤੀ ਦੇ ਯਤਨ ਕੀਤੇ। ਲਿਬਰਲ ਆਗੂ ਜਸਟਿਨ ਟਰੂਡੋ ਨੇ ਵੀ ਸ਼ਾਇਦ ਉਹੀ ਕਰਨਾ ਚਾਹਿਆ ਜਿਸ ਵਿਚ ਉਹ ਸਫਲ ਨਾ ਹੋ ਸਕੇ। ਜਮਹੂਰੀ ਢਾਂਚੇ ਵਿਚ ਕਿਸੇ ਵੀ ਪਾਰਟੀ ਲਈ ਬਹੁਮਤ ਪ੍ਰਾਪਤ ਕਰਨਾ ਤੇ ਸਰਕਾਰ ਚਲਾਉਣਾ ਬਹੁਤ ਅਹਿਮ ਹੈ ਪਰ ਅਗਰ ਕਿਸੇ ਘੱਟ ਗਿਣਤੀ ਸਰਕਾਰ ਦੇ ਕੰਮਾਂ ਵੱਲ ਨਜ਼ਰ ਮਾਰੀਏ ਤਾਂ ਉਸਨੂੰ ਲੋਕਹਿੱਤੂ ਫੈਸਲੇ ਲੈਣ ਲਈ ਵੱਡੀ ਮੁਸ਼ਕਲ ਦਾ ਸਾਹਮਣਾ ਨਹੀ ਕਰਨਾ ਪੈਂਦਾ। ਖਾਸ ਕਰਕੇ ਕੈਨੇਡੀਅਨ ਜਮਹੂਰੀ ਪ੍ਰਣਾਲੀ ਵਿਚ ਤਾਂ ਅਜਿਹੀ ਮੁਸ਼ਕਲ ਹੈ ਹੀ ਨਹੀ। ਇਤਿਹਾਸ ਗਵਾਹ ਹੈ ਕਿ ਪ੍ਰਧਾਨ ਮੰਤਰੀ ਲੈਸਟਰ ਪੀਅਰਸਨ ਨੇ 1963 ਅਤੇ 1968 ਵਿਚ ਦੋ ਘੱਟ ਗਿਣਤੀ ਸਰਕਾਰਾਂ ਦੀ ਅਗਵਾਈ ਕੀਤੀ ਤੇ ਇਸ ਦੌਰਾਨ ਹੀ ਉਹ ਆਧੁਨਿਕ ਕੈਨੇਡਾ ਦਾ ਨਵਾਂ ਝੰਡਾ, ਕੈਨੇਡੀਅਨ ਪੈਨਸ਼ਨ ਪਲਾਨ ਅਤੇ ਨੈਸ਼ਨਲ ਮੈਡੀਕੇਅਰ ਪ੍ਰੋਗਰਾਮ ਲਿਆਉਣ ਵਿਚ ਸਫਲ ਹੋਏ।

ਇਹਨਾਂ ਚੋਣਾਂ ਵਿਚ ਪ੍ਰਮੁੱਖ ਪਾਰਟੀਆਂ ਦੇ ਪਲੇਟਫਾਰਮ ਵਿਚ ਸਭ ਤੋ ਅਹਿਮ ਲਿਬਰਲ ਦੀ ਵਾਤਾਵਰਣ ਤਬਦੀਲੀ ਯੋਜਨਾ, ਐਨ ਡੀ ਪੀ ਦੀ ਫਾਰਮਾਕੇਅਰ ਅਤੇ ਡੈਂਟਲ ਕੇਅਰ ਪਲਾਨ ਅਤੇ ਕੰਸਰਵੇਟਿਵ ਦੀ ਘੱਟ ਆਮਦਨ ਵਾਲੇ ਵਰਕਰਾਂ ਲਈ ਟੈਕਸ ਕਰੈਡਿਟ ਪਲਾਨ ਆਦਿ ਨੂੰ ਲਾਗੂ ਕਰਨ ਲਈ ਘੱਟਗਿਣਤੀ ਸਰਕਾਰ ਨੂੰ ਕੋਈ ਅੜਿਚਣ ਨਹੀਂ ਆ ਆਵੇਗੀ। ਜਿਵੇ ਘੱਟ ਗਿਣਤੀ ਟਰੂਡੋ ਸਰਕਾਰ ਨੂੰ ਕੋਵਿਡ ਦੌਰਾਨ ਅਰਬਾਂ ਡਾਲਰ ਦੀ ਕੋਵਿਡ 19 ਸਹਾਇਤਾ ਪ੍ਰੋਗਰਾਮ, ਲੋਅ ਕੋਸਟ ਚਾਈਲਡ ਕੇਅਰ ਪ੍ਰੋਗਰਮਾ ਅਤੇ ਵਾਤਾਵਰਣ ਤਬਦੀਲੀ ਪ੍ਰੋਗਰਾਮ ਬਾਰੇ ਬਿੱਲਾਂ ਨੂੰ ਪਾਸ ਕਰਵਾਉਣ ਵਿਚ ਕੋਈ ਦਿਕਤ ਨਹੀ ਆਈ ਉਸੇ ਤਰਾਂ ਪ੍ਰਧਾਨ ਮੰਤਰੀ ਨੂੰ ਨਵੀ ਘੱਟ ਗਿਣਤੀ ਸਰਕਾਰ ਲਈ ਲੋਕ ਫਤਵਾ ਸਵੀਕਾਰ ਕਰਦਿਆਂ ਆਪਣੇ ਜਾਂ ਆਪਣੀ ਪਾਰਟੀ ਦੇ ਹਿੱਤਾਂ ਲਈ ਕਿਸੇ ਹੋਰ ਮੌਕੇ ਦੀ ਉਡੀਕ ਕਰਨ ਦੀ ਬਿਜਾਏ ਕੈਨੇਡੀਅਨ ਹਿੱਤਾਂ ਲਈ ਕੰਮ ਕਰਨ ਦੇ ਬੇਹਤਰ ਮੌਕੇ ਵਜੋ ਲੈਣ ਦੀ ਲੋੜ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੰਜਾਬ 'ਚ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਦਾ ਇੱਕ ਵਰ੍ਹਾ ਮੁਕੰਮਲ

ਚੰਡੀਗੜ੍ਹ-ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਵਿੱਢੇ ਸੰਘਰਸ਼ ਨੂੰ ਇੱਕ ਸਾਲ ਮੁਕੰਮਲ ਹੋਣ 'ਤੇ ਕਿਸਾਨ ਬੁਲਾਰਿਆਂ ਨੇ ਮੋਦੀ ਸਰਕਾਰ ਖਿਲਾਫ਼ ਚਲਦੇ ਇਸ ਅੰਦੋਲਨ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਹੈ। ਬੁਲਾਰਿਆਂ ਨੇ ਕਿਹਾ ਕਿ ਇਹ ਸੰਘਰਸ਼ ਬੇਰੋਕ ਚੱਲ ਰਿਹਾ ਹੈ ਅਤੇ ਪੰਜਾਬ ਤੋਂ ਸ਼ੁਰੂ ਹੋਏ ਕਿਸਾਨੀ ਸੰਘਰਸ਼ ਦੀ ਕੌਮੀ ਪੱਧਰ 'ਤੇ ਹੀ ਨਹੀਂ ਬਲਕਿ ਆਲਮੀ ਪੱਧਰ 'ਤੇ ਵੀ ਗੂੰਜ ਪਈ ਹੈ। ਬੁਲਾਰਿਆਂ ਨੇ ਕਿਹਾ ਕਿ ਪਹਿਲੀ ਅਕਤੂਬਰ ਨੂੰ ਪੰਜਾਬ ਦੇ ਧਰਨਿਆਂ ਦੀ ਪਹਿਲੀ ਵਰ੍ਹੇਗੰਢ ਮਨਾਈ ਜਾਵੇਗੀ। ਇਸ ਦਿਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਭਲਕੇ ਵੱਡੇ ਇਕੱਠ ਕੀਤੇ ਜਾਣਗੇ ਅਤੇ ਵਿਸ਼ੇਸ਼ ਪ੍ਰੋਗਰਾਮ ਕੀਤੇ ਦਿੱਤੇ ਜਾਣਗੇ। ਸਾਲ ਭਰ ਦੌਰਾਨ ਧਰਨੇ 'ਚ ਆਏ ਉਤਰਾਅ-ਚੜ੍ਹਾਅ ਦਾ ਲੇਖਾ-ਜੋਖਾ ਕੀਤਾ ਜਾਵੇਗਾ। ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੰਜਾਬ ਭਰ 'ਚ 108 ਥਾਵਾਂ-ਟੌਲ-ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਕਿਸਾਨੀ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਸਮੇਂ ਦੀਆਂ ਹਕੂਮਤਾਂ ਵਿਰੁੱਧ ਮੁਲਕ ਦੇ ਲੋਕ ਅੱਜ ਵੀ ਸ਼ਾਂਤਮਈ ਲੜਾਈ ਲੜਨ ਦਾ ਜੇਰਾ ਰੱਖਦੇ ਹਨ। ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੀ ਸੰਸਦ ਵੱਲੋਂ ਜਦੋਂ ਸਤੰਬਰ 2020 ਵਿੱਚ ਤਿੰਨ ਖੇਤੀ ਕਾਨੂੰਨ ਪਾਸ ਕਰ ਦਿੱਤੇ ਸਨ ਤਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਹਿਲੀ ਅਕਤੂਬਰ ਤੋਂ ਅਣਮਿਥੇ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਸੀ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਇਸ ਅੰਦੋਲਨ ਦਾ ਮਹੱਤਵਪੂਰਨ ਪੱਖ ਇਹ ਹੈ ਕਿ ਕਿਸਾਨੀ ਸੰਘਰਸ਼ ਪੂਰੀ ਤਰ੍ਹਾਂ ਸ਼ਾਂਤਮਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ, ਭਾਰਤੀ ਜਨਤਾ ਪਾਰਟੀ ਅਤੇ ਮੀਡੀਆ ਦੇ ਇੱਕ ਵੱਡੇ ਹਿੱਸੇ ਨੇ ਕਿਸਾਨੀ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਚਾਲਾਂ ਚੱਲੀਆਂ ਅਤੇ ਏਜੰਸੀਆਂ ਦੇ ਬੰਦਿਆਂ ਰਾਹੀਂ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਭਾਰਤ ਦੇ ਸਾਰੇ ਕਿਸਾਨਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰ ਚੁੱਕਾ ਹੈ। ਇਸ ਲਈ ਭਾਜਪਾ, ਕਾਰਪੋਰੇਟ ਘਰਾਣਿਆਂ ਅਤੇ ਭਾਰਤ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਜਿੱਤ ਲਈ ਪੰਜਾਬ ਸਮੇਤ ਦੇਸ਼ ਦੇ ਕਿਸਾਨ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ। ਬੁਲਾਰਿਆਂ ਨੇ ਬਿਜਲੀ ਦੇ ਸਮਾਰਟ ਮੀਟਰਾਂ ਦਾ ਮੁੱਦਾ ਵੀ ਉਠਾਇਆ। ਆਗੂਆਂ ਨੇ ਕਿਹਾ ਕਿ ਰਵਾਇਤੀ ਮੀਟਰਾਂ ਵਿੱਚ ਬਿੱਲ ਭਰਨ ਲਈ ਕੁਝ ਦਿਨਾਂ ਦੀ ਮੋਹਲਤ ਮਿਲ ਜਾਂਦੀ ਹੈ ਅਤੇ ਗਰੀਬ ਆਦਮੀ ਹੱਥ ਵਿੱਚ ਪੈਸੇ ਆਉਣ 'ਤੇ ਬਿਜਲੀ ਬਿੱਲ ਭਰ ਦਿੰਦਾ ਸੀ, ਪਰ ਸਮਾਰਟ ਮੀਟਰ ਲਈ ਪੈਸੇ ਅਗਾਊਂ ਭਰਨੇ ਪੈਣਗੇ।



## ਪ੍ਰੀਮੀਅਰ ਕੈਨੀ ਵਲੋਂ ਨਵੇਂ ਹੈਲਥ ਨਿਯਮ 'ਫਾਇਰਬਰੇਕ' ਲਾਕਡਾਊਨ ਰੱਦ

[ਸਫ਼ਾ 1 ਦੀ ਬਾਕੀ]

ਕਰਨ ਦਾ ਕੋਈ ਮਤਲਬ ਨਹੀਂ ਕਿਉਂਕਿ ਇਸ ਨਾਲ ਲੋਕਾਂ ਨੂੰ ਬੇਲੋੜੀ ਸਜ਼ਾ ਮਿਲੇਗੀ ਜਿਨ੍ਹਾਂ ਨੇ ਟੀਕਾਕਰਣ ਕੀਤਾ ਹੋਇਆ ਹੈ ਜਦਕਿ 17 ਫ਼ੀਸਦੀ ਯੋਗ ਅਲਬਰਟਾ ਵਾਸੀਆਂ 'ਤੇ ਸੰਭਾਵਤ ਕੋਈ ਅਸਰ ਨਹੀਂ ਜਿਨ੍ਹਾਂ ਨੇ ਹੁਣ ਤਕ ਇਕ ਵੀ ਟੀਕਾ ਲਗਵਾਉਣ ਦਾ ਵਿਰੋਧ ਕੀਤਾ ਹੈ। ਕੈਲਗਰੀ ਵਿਚ ਪ੍ਰੀਮੀਅਰ ਨੇ ਦੱਸਿਆ ਕਿ ਅਸੀਂ ਰੋਜ਼ਾਨਾਂ ਰੁਝਾਨਾਂ ਅਤੇ ਗਿਣਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਜੇਕਰ ਸਾਨੂੰ ਹੋਰ ਉਪਾਵਾਂ ਦੀ ਲੋੜ ਪਈ ਤਾਂ ਕੀਤੇ ਜਾਣਗੇ ਪਰ ਉਹ ਪ੍ਰਭਾਵਸ਼ਾਲੀ ਹੋਣਗੇ। ਜੇਕਰ ਅਸੀਂ ਵੱਡੇ ਪੱਧਰ 'ਤੇ ਪਾਬੰਦੀਆਂ ਲਾਗੂ ਕਰਦੇ ਹਾਂ ਤਾਂ ਉਨ੍ਹਾਂ ਦੀ ਉਨ੍ਹਾਂ ਲੋਕਾਂ ਵਲੋਂ ਜ਼ਿਆਦਾ ਪਾਲਣਾ ਕਰਨ ਦੀ ਸੰਭਾਵਨਾ ਹੈ ਜਿਨ੍ਹਾਂ ਨੇ ਟੀਕਾ ਲਗਵਾਇਆ ਹੋਇਆ ਹੈ ਪਰ ਸਾਨੂੰ ਉਨ੍ਹਾਂ ਲੋਕਾਂ ਨੂੰ ਪਾਲਣਾ ਨਾ ਕਰਦੇ ਹੋਏ ਦੇਖਣ ਦੀ ਸੰਭਾਵਨਾ ਹੈ ਜਿਨ੍ਹਾਂ ਨੇ ਟੀਕਾ ਲਗਵਾਇਆ ਹੀ ਨਹੀਂ। ਵੰਡੇ ਹੋਏ ਯੂਸੀਪੀ ਮੈਂਬਰਾਂ ਨੇ ਜੇਸਨ ਕੈਨੀ ਦੀ ਲੀਡਰਸ਼ਿਪ ਨੂੰ ਮੁੜ ਚੁਣੌਤੀ ਦਿੱਤੀ ਹੈ। ਕੈਨੀ ਦੀ ਸਰਕਾਰ ਲੋਕਾਂ ਨੂੰ ਟੀਕਾਕਰਣ ਕਰਵਾਉਣ ਦੀ ਅਪੀਲ ਕਰਨ ਲਈ ਛੇਤੀ ਹੀ ਨਵੀਂ ਇਸ਼ਤਿਹਾਰਬਾਜ਼ੀ ਸ਼ੁਰੂ ਕਰੇਗੀ। ਉਹ ਹਸਪਤਾਲਾਂ ਤੇ ਸਿਹਤ ਕੇਂਦਰ ਦੇ ਸਾਹਮਣੇ ਟੀਕਾਕਰਣ ਮੁਜ਼ਾਹਰਾਕਾਰੀ ਵਿਰੋਧੀਆਂ ਨੂੰ ਇਕੱਤਰ ਹੋਣ ਤੋਂ ਰੋਕਣ ਲਈ ਨਵਾਂ ਨਿਯਮ ਲਾਗੂ ਕਰਨਗੇ। ਹਾਲ ਹੀ ਵਿਚ ਅਲਬਰਟਾ ਮੈਡੀਕਲ ਐਸੋਸੀਏਸ਼ਨ ਤੇ ਲਾਗ ਰੋਗਾਂ ਦੇ ਮਾਹਿਰਾਂ ਨੇ ਕਿਹਾ ਕਿ ਕੋਵਿਡ-19 ਦੇ ਸੰਕਟ ਦਾ ਇਕੋ ਇਕ ਹੱਲ ਸਕੂਲਾਂ, ਕਾਰੋਬਾਰਾਂ ਤੇ ਖੇਡ ਸਮਾਗਮਾਂ ਵਿਚ ਸ਼ਮੂਲੀਅਤ ਨੂੰ ਤੁਰੰਤ ਰੋਕ ਦਿੱਤਾ ਜਾਵੇ। ਓਟਵਾ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਜੇਕਰ ਸੂਬਾ ਸਰਕਾਰ ਅਜਿਹਾ ਕਰਦੀ ਹੈ ਤਾਂ ਫੈਡਰਲ ਸਰਕਾਰ ਮਦਦ ਲਈ ਤਿਆਰ ਹੈ।

## ਕਿਸਾਨ ਜਥੇਬੰਦੀਆਂ ਵਲੋਂ ਕੈਪਟਨ ਦੀਆਂ ਸਰਗਰਮੀਆਂ ਉਪਰ ਨਾਖੁਸ਼ੀ ਦਾ ਪ੍ਰਗਟਾਵਾ

ਚੰਡੀਗੜ੍ਹ-ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਖੇਤੀ ਕਾਨੂੰਨ ਰੱਦ ਕਰਨ ਦੀ ਅਪੀਲ ਕਰਨ ਦੇ ਢੰਗ ਤਰੀਕੇ 'ਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਤੌਰ ਮੁੱਖ ਮੰਤਰੀ ਕੇਂਦਰ ਸਰਕਾਰ ਨਾਲ ਇਕ ਵਾਰ ਵੀ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨਹੀਂ ਕੀਤੀ ਤੇ ਹੁਣ ਜਦੋਂ ਮੁੱਖ ਮੰਤਰੀ ਵਜੋਂ ਅਸਤੀਫ਼ਾ ਦੇ ਦਿੱਤਾ ਹੈ ਤਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਨ੍ਹਾਂ ਲਈ ਸਾਰੀਆਂ ਰਾਜਸੀ ਪਾਰਟੀਆਂ ਇਕ ਬਰਾਬਰ ਹਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਲੋਕਾਂ ਨੂੰ ਪਹਿਲੇ ਦਿਨ ਤੋਂ ਭਾਜਪਾ ਦਾ ਵਿਰੋਧ ਅਤੇ ਹੋਰਨਾਂ ਰਾਜਸੀ ਪਾਰਟੀਆਂ ਨੂੰ ਸਵਾਲ ਕਰਨ ਦੀ ਅਪੀਲ ਕੀਤੀ ਗਈ ਸੀ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਅੰਦੋਲਨ ਚੱਲਦੇ ਨੂੰ ਇਕ ਸਾਲ ਹੋਣ ਵਾਲਾ ਹੈ, ਪਰ ਅੱਜ ਤੱਕ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਲਈ ਕੇਂਦਰ ਨਾਲ ਮੁਲਾਕਾਤ ਨਹੀਂ ਕੀਤੀ। ਅੱਜ ਉਹ ਬਿਨਾਂ ਕਿਸੇ ਅਹੁਦੇ ਤੋਂ ਮੁਲਾਕਾਤ ਕਰਕੇ ਕੀ ਸਾਬਤ



ਕਰਨਾ ਚਾਹੁੰਦੇ ਹਨ। ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਚਲਦਿਆਂ 10 ਮਹੀਨੇ ਪੂਰੇ ਹੋ ਚੁੱਕੇ ਹਨ। ਅੱਜ ਜਦੋਂ ਕੇਂਦਰ ਸਰਕਾਰ ਕਿਸਾਨਾਂ ਦੇ ਏਕੇ ਅੱਗੇ ਬੇਵੱਸ ਹੋ ਚੁੱਕੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦੇ ਸੰਘਰਸ਼ ਦਾ ਸਾਰਾ ਸਿਹਰਾ ਆਪਣੇ ਸਿਰ ਬੰਨ੍ਹਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ 'ਕੈਪਟਨ ਅਮਰਿੰਦਰ ਸਿੰਘ ਸਾਬਤ ਕੀ ਕਰਨਾ ਚਾਹੁੰਦੇ ਹਨ ਕਿ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਉਨ੍ਹਾਂ ਕੋਲ ਤਾਕਤ ਘੱਟ ਸੀ ਜਦੋਂ ਅੱਜ ਮੁੱਖ ਮੰਤਰੀ ਨਹੀਂ ਰਹੇ ਤਾਂ ਖੇਤੀ ਕਾਨੂੰਨ ਰੱਦ ਕਰਵਾਉਣ ਦੀ ਤਾਕਤ ਆ ਚੁੱਕੀ ਹੈ।' ਉਨ੍ਹਾਂ ਕਿਹਾ ਕਿ ਦੇਸ਼ ਦੇ ਸਾਰੇ ਰਾਜਸੀ ਆਗੂ ਕੁਰਸੀ ਬਚਾਉਣ ਖਾਤਿਰ ਕਿਸਾਨ ਹਮਾਇਤੀ ਹੋਣ ਦਾ ਡਰਾਮਾ ਕਰ ਰਹੇ ਹਨ, ਜਿਸ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਦਾ ਮੋਢਾ ਵਰਤ ਕੇ ਪੰਜਾਬ ਵਿੱਚ ਕਾਬਜ਼ ਹੋਣਾ ਚਾਹੁੰਦੀ ਹੈ, ਜੋ ਕਦੇ ਵੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਸੰਘਰਸ਼ ਕਰਦੇ ਨੂੰ 10 ਮਹੀਨੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਤੇ ਇਸ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਕੇਂਦਰ ਸਰਕਾਰ ਅਜੇ ਤੱਕ ਕਿਸਾਨਾਂ ਦੀਆਂ ਮੰਗਾਂ ਸੁਣਨ ਲਈ ਵੀ ਤਿਆਰ ਨਹੀਂ ਹੈ ਤਾਂ ਕੈਪਟਨ ਦੇ ਕਹੇ 'ਤੇ ਕਾਨੂੰਨ ਕਿਵੇਂ ਰੱਦ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਰਾਜਸੀ ਆਗੂਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਪੰਜਾਬ ਕਾਂਗਰਸ ਦਾ ਸੰਕਟ ਟਲਿਆ ਸਿੱਧੂ ਪ੍ਰਧਾਨ ਬਣੇ ਰਹਿਣ ਲਈ ਸਹਿਮਤ

[ਸਫ਼ਾ 3 ਦੀ ਬਾਕੀ]

ਸਿਧਾਂਤਕ ਤੌਰ 'ਤੇ ਹੋ ਗਿਆ ਹੈ। ਇਸੇ ਤਰ੍ਹਾਂ ਐਡਵੋਕੇਟ ਜਨਰਲ ਅਮਰਪ੍ਰੀਤ ਸਿੰਘ ਦਿਉਲ ਨੂੰ ਵੀ ਤਬਦੀਲ ਕੀਤਾ ਜਾ ਸਕਦਾ ਹੈ, ਪਰ ਇਸ ਬਾਰੇ ਸਪੱਸ਼ਟ ਪਤਾ ਨਹੀਂ ਲੱਗ ਸਕਿਆ ਹੈ। ਇੱਕ ਬੰਨੇ ਕਿਹਾ ਜਾ ਰਿਹਾ ਹੈ ਕਿ ਐਡਵੋਕੇਟ ਜਨਰਲ ਲਾਏ ਜਾਣ ਦਾ ਫੈਸਲਾ ਹਾਈਕਮਾਨ 'ਤੇ ਛੱਡ ਦਿੱਤਾ ਗਿਆ ਹੈ ਅਤੇ ਦੂਸਰੇ ਪਾਸੇ ਇਹ ਵੀ ਬਦਲ ਦਿੱਤਾ ਜਾ ਰਿਹਾ ਹੈ ਕਿ ਬੇਅਦਬੀ ਮਾਮਲਿਆਂ ਵਿਚ ਇੱਕ ਵੱਖਰੀ ਵਕੀਲਾਂ ਦੀ ਟੀਮ ਬਣੇਗੀ ਜਿਸ ਵਿਚ ਨਵਜੋਤ ਸਿੱਧੂ ਦੀ ਸਹਿਮਤੀ ਵਾਲੇ ਵਕੀਲਾਂ ਨੂੰ ਸ਼ਾਮਿਲ ਕੀਤਾ ਜਾਣਾ ਹੈ। ਪੰਜਾਬ ਸਰਕਾਰ ਵੱਲੋਂ ਇਸ ਬਾਰੇ ਅਧਿਕਾਰਤ ਤੌਰ 'ਤੇ ਕੁਝ ਨਹੀਂ ਦੱਸਿਆ ਜਾ ਰਿਹਾ ਹੈ ਅਤੇ ਵਿਵਾਦ ਦੇ ਹੱਲ ਹੋਣ ਬਾਰੇ ਭੇਤ ਬਰਕਰਾਰ ਹੈ। ਅੱਜ ਇੱਥੇ ਪੰਜਾਬ ਭਵਨ ਵਿਚ ਕਰੀਬ 3.30 ਵਜੇ ਮੀਟਿੰਗ ਸ਼ੁਰੂ ਹੋਈ ਜਿਸ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਦੇ ਪ੍ਰਧਾਨ ਸਿੱਧੂ, ਕੇਂਦਰੀ ਨਿਗਰਾਨ ਹਰੀਸ਼ ਚੌਧਰੀ ਅਤੇ ਸਿੱਖਿਆ ਮੰਤਰੀ ਪਰਗਟ ਸਿੰਘ ਸ਼ਾਮਲ ਸਨ। ਕਾਂਗਰਸ ਪ੍ਰਧਾਨ ਸਿੱਧੂ ਨੇ ਅਸਤੀਫਾ ਦੇਣ ਪਿੱਛੇ ਡੀਜੀਪੀ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ 'ਤੇ ਇਤਰਾਜ਼ ਖੜ੍ਹੇ ਕੀਤੇ ਸਨ। ਡੀਜੀਪੀ ਸਹੋਤਾ ਦੇ ਬਰਗਾੜੀ ਮਾਮਲੇ ਵਿਚ ਬਣੀ ਪਹਿਲੀ 'ਸਿੱਟ' ਦੀ ਅਗਵਾਈ ਕੀਤੇ ਜਾਣ ਦੀ ਗੱਲ ਕਹੀ ਗਈ ਸੀ, ਜਿਸ ਵਿਚ ਦੋ ਨਿਹੱਥੇ ਨੌਜਵਾਨਾਂ ਨਾਲ ਜ਼ਿਆਦਤੀ ਹੋਈ ਸੀ। ਸਿੱਧੂ ਨੇ ਐਡਵੋਕੇਟ ਜਨਰਲ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦਾ ਵਕੀਲ ਹੋਣ ਦੀ ਗੱਲ ਆਖੀ ਸੀ।





# ਕਾਂਗਰਸ ਛੱਡਾਂਗਾ ਪਰ ਭਾਜਪਾ ਵਿਚ ਸ਼ਾਮਿਲ ਨਹੀਂ ਹੋਵਾਂਗਾ-ਕੈਪਟਨ

[ਸਫ਼ਾ 3 ਦੀ ਬਾਕੀ]

ਅਮਰਿੰਦਰ ਸਿੰਘ ਅੱਜ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲੇ। ਇਹ ਮੀਟਿੰਗ ਅੱਧੇ ਘੰਟੇ ਦੇ ਕਰੀਬ ਚੱਲੀ ਤੇ ਡੋਵਾਲ ਮਗਰੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਚਲੇ ਗਏ। ਅਮਰਿੰਦਰ ਸਿੰਘ ਦੋ ਦਿਨ ਦੀ ਆਪਣੀ ਫੇਰੀ ਮਗਰੋਂ ਦੇਰ ਸ਼ਾਮ ਦਿੱਲੀ ਤੋਂ ਚੰਡੀਗੜ੍ਹ ਪਰਤ ਆਏ ਹਨ। ਇਸ ਦੌਰਾਨ ਅਮਰਿੰਦਰ ਨੇ ਆਪਣੇ ਟਵਿੱਟਰ ਖਾਤੇ ਤੋਂ 'ਕਾਂਗਰਸ' ਸ਼ਬਦ ਹਟਾ ਦਿੱਤਾ ਹੈ। ਉਨ੍ਹਾਂ ਆਪਣੇ ਆਪ ਨੂੰ ਸਾਬਕਾ ਫ਼ੌਜੀ ਅਤੇ ਸਾਬਕਾ ਮੁੱਖ ਮੰਤਰੀ ਦੱਸਿਆ ਹੈ। ਉਨ੍ਹਾਂ ਇਹ ਵੀ ਵਾਅਦਾ ਕੀਤਾ ਹੈ ਕਿ ਉਹ ਸੂਬੇ ਦੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਸ਼ਾਹ ਤੇ ਡੋਵਾਲ ਨਾਲ ਮੀਟਿੰਗਾਂ ਮਗਰੋਂ ਅਮਰਿੰਦਰ ਸਿੰਘ ਦਾ ਕਾਂਗਰਸ ਨੂੰ ਅਲਵਿਦਾ ਕਹਿਣ ਦਾ ਫ਼ੈਸਲਾ ਜਿੱਥੇ ਆਮ ਲੋਕਾਂ 'ਚ ਕਈ ਤਰ੍ਹਾਂ ਸ਼ੰਕੇ ਖੜ੍ਹੇ ਕਰ ਰਿਹਾ ਹੈ, ਉਥੇ ਨਾਲੋ-ਨਾਲ ਕਾਂਗਰਸ ਲੀਡਰਸ਼ਿਪ ਨੂੰ ਹਲੂਣਾ ਦੇਣ ਵਾਲਾ ਹੈ। ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਮਰਿੰਦਰ ਦੀ ਗ੍ਰਹਿ ਮੰਤਰੀ ਨਾਲ ਮਿਲਣੀ ਸਿਆਸੀ ਨਜ਼ਰੀਏ ਤੋਂ ਕਾਫ਼ੀ ਅਹਿਮ ਦੱਸੀ ਜਾ ਰਹੀ ਹੈ। ਸਿਆਸੀ ਅਟਕਲਾਂ ਹਨ ਕਿ ਭਾਜਪਾ ਵੱਲੋਂ ਅਮਰਿੰਦਰ ਸਿੰਘ ਨੂੰ ਨਵਾਂ ਸਿਆਸੀ ਖ਼ਾਕਾ ਵਾਹ ਕੇ ਦਿੱਤਾ ਗਿਆ ਹੈ। ਉੱਧਰ ਕਾਂਗਰਸ ਹਾਈਕਮਾਨ ਅਮਰਿੰਦਰ ਸਿੰਘ ਦੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ ਹੀ ਹਰਕਤ ਵਿੱਚ ਆ ਗਈ ਸੀ। ਕਾਂਗਰਸ 'ਚ ਇਸ ਵੇਲੇ ਕੌਮੀ ਪੱਧਰ 'ਤੇ ਸਿਆਸੀ ਉਬਾਲ ਉੱਠਿਆ ਹੋਇਆ ਹੈ। ਸੀਨੀਅਰ ਕਾਂਗਰਸੀ ਆਗੂ ਕਪਿਲ ਸਿੱਬਲ ਵੱਲੋਂ ਖੜ੍ਹੇ ਕੀਤੇ ਸਵਾਲਾਂ ਮਗਰੋਂ ਜੀ-23 ਗਰੁੱਪ ਦੀ ਸਰਗਰਮੀ ਵੀ ਵਧੀ ਹੈ ਅਤੇ ਹੁਣ ਅਮਰਿੰਦਰ ਸਿੰਘ ਨੇ ਵੀ ਕਪਿਲ ਸਿੱਬਲ ਦੀ ਹਮਾਇਤ 'ਚ 'ਹਾਅ ਦਾ ਨਾਅਰਾ' ਮਾਰਿਆ ਹੈ। ਕਾਂਗਰਸ ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦੇ ਗ਼ੁੱਸੇ ਨੂੰ ਠੰਢਾ ਕਰਨ ਲਈ ਸੀਨੀਅਰ ਆਗੂ ਕਮਲ ਨਾਥ ਅਤੇ ਅੰਬਿਕਾ ਸੋਨੀ ਦੀ ਡਿਊਟੀ ਲਗਾਈ ਹੈ। ਉਂਜ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਬਾਰੇ ਅਮਰਿੰਦਰ ਸਿੰਘ ਨੇ ਕਿਸਾਨੀ ਮਸਲਿਆਂ ਦਾ ਤਰਕ ਦਿੱਤਾ ਹੈ ਅਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੀਟਿੰਗ ਪਿੱਛੇ ਕੌਮੀ ਸੁਰੱਖਿਆ 'ਤੇ ਵਿਚਾਰ ਚਰਚਾ ਕੀਤੇ ਜਾਣ ਦੀ ਗੱਲ ਆਖੀ ਗਈ ਹੈ। ਅਮਰਿੰਦਰ ਸਿੰਘ ਨੇ ਸਾਫ਼ ਕੀਤਾ ਹੈ ਕਿ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋ ਰਹੇ ਹਨ। ਕੈਪਟਨ ਨੇ ਹਾਲਾਂਕਿ ਭਾਜਪਾ ਪ੍ਰਤੀ ਆਪਣਾ ਰੁਖ਼ ਅਤਿ ਨਰਮ ਕਰ ਲਿਆ ਹੈ ਜਦੋਂ ਕਿ ਕਾਂਗਰਸ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਹੋਇਆ ਹੈ। ਇੱਥੋਂ ਤੱਕ ਕਿ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਵੀ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਪ੍ਰਤੀ ਸਖ਼ਤ ਲਫ਼ਜ਼ਾਂ ਦੀ ਵਰਤੋਂ ਨਹੀਂ ਕੀਤੀ ਹੈ। ਅਮਰਿੰਦਰ ਨੇ ਕਿਹਾ ਕਿ ਕਾਂਗਰਸ ਨੇ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਅਤੇ ਉਸ 'ਤੇ ਵਿਸ਼ਵਾਸ ਨਹੀਂ ਕੀਤਾ ਜਿਸ ਕਰਕੇ ਉਨ੍ਹਾਂ ਨੇ ਕਾਂਗਰਸ ਛੱਡਣ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਹੋਰ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਚੇਤੇ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਕਿਹਾ ਸੀ ਕਿ ਉਨ੍ਹਾਂ ਲਈ ਭਵਿੱਖ 'ਚ ਸਿਆਸੀ ਬਦਲ ਖੁੱਲ੍ਹੇ ਹਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# 2006 ਪਿੱਛੋਂ 2020 ਵਿਚ ਕੈਨੇਡਾ ਵਿਚ ਜਨਮ ਦਰ ਸਭ ਤੋਂ ਹੇਠਲੇ ਪੱਧਰ 'ਤੇ ਰਹੀ

ਟੋਰਾਂਟੋ-ਸਟੈਟਿਸਟਿਕਸ ਕੈਨੇਡਾ ਮੁਤਾਬਿਕ 2006 ਪਿੱਛੋਂ ਕੈਨੇਡਾ ਵਿਚ ਸਾਲਾਨਾ ਜਨਮ ਦਰ ਸਭ ਤੋਂ ਘੱਟ ਰਹੀ ਹੈ ਅਤੇ 2019 ਦੇ ਮੁਕਾਬਲੇ 13000 ਬੱਚਿਆਂ ਦੇ ਘੱਟ ਜਨਮ ਹੋਏ ਹਨ। ਯੂਕੋਨ ਜਿਸ ਦਾ ਡਾਟਾ ਉਪਲਬਧ ਨਹੀਂ ਤੋਂ ਬਿਨ੍ਹਾਂ

## ਦੇਸ਼ ਵਿਚ ਜਨਮੇ ਕੁਲ ਬੱਚਿਆਂ ਵਿਚੋਂ 7606 ਦਾ ਹਸਪਤਾਲ ਤੋਂ ਬਾਹਰ ਹੋਇਆ ਜਨਮ

ਪਿਛਲੇ ਸਾਲ ਦੇਸ਼ ਭਰ ਵਿਚ 358604 ਬੱਚਿਆਂ ਨੇ ਜਨਮ ਲਿਆ। ਮੰਗਲਵਾਰ ਜਾਰੀ ਗਿਣਤੀ ਵਿਚ ਸਟੈਟਿਸਟਿਕਸ ਨੇ ਟਿੱਪਣੀ ਕਰਦਿਆਂ ਕਿਹਾ ਕਿ 2016 ਤੋਂ ਹਰੇਕ ਸਾਲ ਕੌਮੀ ਪੱਧਰ 'ਤੇ ਜਨਮ ਘੱਟ ਰਹੇ ਹਨ ਪਰ ਇਸ ਸਾਲ ਪਿਛਲੇ ਸਾਲ ਨਾਲੋਂ ਜ਼ਿਆਦਾ ਗਿਰਾਵਟ ਹੈ। 2019 ਵਿਚ 372000 ਬੱਚਿਆਂ ਨੇ ਜਨਮ ਲਿਆ ਸੀ। ਸਟੈਟਿਸਟਿਕਸ ਨੇ ਕਿਹਾ ਕਿ ਇਹ 2020 ਵਿਚ ਜਨਮ ਸਬੰਧੀ ਮੁੱਢਲੇ ਅੰਕੜੇ ਹਨ ਅਤੇ



ਬਾਅਦ ਵਿਚ ਡਾਟਾ 'ਚ ਸੋਧ ਕੀਤੀ ਜਾ ਸਕਦੀ ਹੈ। ਏਜੰਸੀ ਨੇ ਕਿਹਾ ਕਿ 2020 ਵਿਚ ਜਨਮ ਦਰ ਘਟਣ ਦੇ ਕਈ ਕਾਰਨ ਹਨ। ਮਹਾਂਮਾਰੀ ਸ਼ੁਰੂ ਹੋਣ ਨਾਲ ਅੰਤਰਰਾਸ਼ਟਰੀ ਪ੍ਰਵਾਸ ਘੱਟ ਗਿਆ ਕਿਉਂਕਿ ਟਰੈਵਲ ਪਾਬੰਦੀਆਂ ਲਾਗੂ ਸਨ ਜਿਸ ਕਾਰਨ ਨਵੇਂ ਆਏ ਮਾਪਿਆਂ ਦੇ ਘੱਟ ਬੱਚੇ ਪੈਦਾ ਹੋਏ ਹੋ ਸਕਦੇ ਹਨ। ਕੋਵਿਡ-19 ਮਹਾਂਮਾਰੀ ਦਾ ਦੂਸਰੇ ਸਮਾਜਿਕ ਤੇ ਆਰਥਿਕ ਕਾਰਨ ਵੀ ਹਨ ਜਿਸ ਕਾਰਨ ਕੁਝ ਪਰਿਵਾਰਾਂ ਨੇ ਬੱਚੇ ਪੈਦਾ ਕਰਨ ਵਿਚ ਦੇਰੀ ਕੀਤੀ ਹੋ ਸਕਦੀ ਹੈ ਜਿਸ ਕਾਰਨ ਬੱਚਿਆਂ ਦੇ ਜਨਮ ਘੱਟ ਹੋਏ। ਪਿਛਲੇ 20 ਸਾਲਾਂ ਵਿਚ 2016 ਵਿਚ ਕੈਨੇਡਾ ਵਿਚ ਸਭ ਤੋਂ ਵੱਧ ਬੱਚੇ ਪੈਦਾ ਹੋਏ ਜਦੋਂ 383000 ਨਵੇਂ ਬੱਚਿਆਂ ਨੇ ਜਨਮ ਲਿਆ ਸੀ। 2020 ਵਿਚ ਜਨਮ ਦੇ ਰੁਝਾਨਾਂ ਦਾ ਇਕ ਹੋਰ ਮਜ਼ੇਦਾਰ ਪਹਿਲੂ ਇਹ ਹੈ ਕਿ ਹਸਪਤਾਲਾਂ ਤੋਂ ਬਾਹਰ ਜਨਮ ਲੈਣ ਵਾਲੇ ਬੱਚਿਆਂ ਦੀ ਗਿਣਤੀ ਜ਼ਿਆਦਾ ਸੀ। ਦੇਸ਼ ਵਿਚ ਜਨਮੇ ਕੁਲ ਬੱਚਿਆਂ ਵਿਚੋਂ 7606 ਦਾ ਹਸਪਤਾਲ ਤੋਂ ਬਾਹਰ ਜਨਮ ਹੋਇਆ ਹੈ ਜੋ ਕਿ ਕੁਲ ਬੱਚਿਆਂ ਦਾ 2.1 ਫ਼ੀਸਦੀ ਬਣਦੇ ਹਨ। ਮਹਾਂਮਾਰੀ ਦੌਰਾਨ ਲੋਕ ਸ਼ਾਇਦ ਹਸਪਤਾਲ ਵਿਚ ਜਾਣ ਤੋਂ ਡਰਦੇ ਸਨ ਜਿਥੇ ਕੋਵਿਡ-19 ਮਰੀਜ਼ਾਂ ਦਾ ਇਲਾਜ ਚਲ ਰਿਹਾ ਸੀ।

# ਜ਼ਿਮਨੀ ਚੋਣ ਜਿੱਤ ਕੇ ਦੇਵ ਸਿੱਧੂ ਬਣੇ ਐਬਟਸਫੋਰਡ ਦੇ ਸਿਟੀ ਕੌਂਸਲਰ

ਸਰੀ (ਹਰਦਮ ਮਾਨ)-ਸਰੀ ਦੇ ਲਾਗਲੇ ਸ਼ਹਿਰ ਐਬਟਸਫੋਰਡ ਵਿਖੇ ਸਿਟੀ ਕੌਂਸਲ ਦੀ ਹੋਈ ਜ਼ਿਮਨੀ ਚੋਣ ਵਿਚ ਪੰਜਾਬੀ ਭਾਈਚਾਰੇ ਦੇ ਨੌਜਵਾਨ ਉਮੀਦਵਾਰ ਦੇਵ ਸਿੱਧੂ ਨੇ ਵੱਡੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਇਸ ਚੋਣ ਵਿਚ 7,829 ਵੋਟਾਂ ਹਾਸਲ ਕੀਤੀਆਂ ਜਦੋਂ ਕਿ ਦੂਜੇ ਸਥਾਨ ਤੇ ਰਹਿਣ ਵਾਲੇ ਉਨ੍ਹਾਂ ਦੇ ਵਿਰੋਧੀ ਕੋਰਕੀ ਨਿਊਫੈਲਡ ਨੂੰ 2,448 ਵੋਟਾਂ ਮਿਲੀਆਂ ਅਤੇ ਪੰਜਾਬੀ ਭਾਈਚਾਰੇ ਦੇ ਹੀ ਇਕ ਹੋਰ ਉਮੀਦਵਾਰ ਮਨਜੀਤ ਸੋਹੀ 2,302 ਵੋਟਾਂ ਨਾਲ ਤੀਜੇ ਸਥਾਨ ਤੇ ਰਹੇ। ਇਹ ਜ਼ਿਮਨੀ ਚੋਣ, ਕੌਂਸਲਰ ਬਰੂਸ ਬੈਨਮਨ ਵੱਲੋਂ ਅਸਤੀਫਾ ਦੇਣ ਕਾਰਨ ਖ਼ਾਲੀ ਹੋਈ ਸੀਟ ਭਰਨ ਲਈ ਕੀਤੀ ਸੀ ਜਿਸ ਵਿਚ ਦੇਵ ਸਿੱਧੂ ਤੋਂ ਇਲਾਵਾ 8 ਹੋਰ ਉਮੀਦਵਰ ਚੋਣ ਮੈਦਾਨ ਵਿਚ ਸਨ। ਬਾਕੀ ਉਮੀਦਵਾਰਾਂ ਵਿਚ ਦਾਓ ਟ੍ਰਾਨ ਨੂੰ 1,346, ਟੌਮ ਨੌਰਟਨ ਨੂੰ 1,226, ਡੇਵਿਡ ਮੈਕਲੌਰਨ ਨੂੰ 935, ਏਅਰਡ ਫਲੇਵਲੇ ਨੂੰ 834) ਡੇਨ ਡੈਨਿਲ ਨੂੰ 755 ਅਤੇ ਗਰਡਾ ਪੇਚੇ ਨੂੰ 553 ਵੋਟਾਂ ਮਿਲੀਆਂ।



# ਜੈਸਨ ਕੈਨੀ ਅਪ੍ਰੈਲ ਵਿਚ ਕਰਨਗੇ ਲੀਡਰਸ਼ਿਪ ਸਮੀਖਿਆ ਦਾ ਸਾਹਮਣਾ

ਕੈਲਗਰੀ-ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਅਪ੍ਰੈਲ ਵਿਚ ਯੂਨਾਈਟਡ ਕੰਸਰਵੇਟਿਵ ਪਾਰਟੀ ਦੀ ਸਾਲਾਨਾ ਆਮ ਮੀਟਿੰਗ ਦੌਰਾਨ ਲੀਡਰਸ਼ਿਪ ਸਮੀਖਿਆ ਦਾ ਸਾਹਮਣਾ ਕਰਨਗੇ। ਇਹ 2022 ਦੀ ਬਸੰਤ ਰੁੱਤ ਤੋਂ ਪਹਿਲਾਂ ਹੋਵੇਗੀ ਜਿਸ ਦੀ ਪਾਰਟੀ ਨੇ ਅਸਲ ਵਿਚ ਯੋਜਨਾ ਬਣਾਈ ਸੀ। ਪਰ ਇਹ ਅਜੇ ਵੀ ਇੰਨੀ ਛੇਤੀ ਨਹੀਂ ਹੋਵੇਗੀ ਜਿੰਨੀ ਪਾਰਟੀ ਦੇ ਕੁਝ ਮੈਂਬਰ ਚਾਹੁੰਦੇ ਹਨ। ਹੁਣ ਜਦੋਂ ਸੂਬੇ ਦਾ ਹੈਲਥ ਕੇਅਰ ਸਿਸਟਮ ਕੋਵਿਡ-19 ਮਾਮਲਿਆਂ ਦੇ ਦਬਾਅ ਹੇਠ ਹੈ ਤਾਂ ਪ੍ਰੀਮੀਅਰ ਘੱਟ ਮੈਂਬਰਾਂ ਦੀ ਪ੍ਰਵਾਨਗੀ ਅਤੇ ਉਸ ਦੀ ਆਪਣੀ ਪਾਰਟੀ ਦੇ ਐਮਐੱਲਏਜ਼ ਸਮੇਤ ਕੁਝ ਮੈਂਬਰਾਂ ਤੋਂ ਖੁੱਲ੍ਹੀ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਹਫਤੇ ਕੈਨੀ ਨੇ ਆਪਣੀ ਪਾਰਟੀ ਦੀ ਕੌਕਸ ਤੋਂ ਚੁਣੌਤੀ ਦਾ ਸਾਹਮਣਾ ਕੀਤਾ ਸੀ। ਉਸ ਦੇ ਖਿਲਾਫ ਬੇ-ਵਸਾਹੀ ਵੋਟਿੰਗ ਨੂੰ ਵਾਪਸ ਲੈ ਲਿਆ ਸੀ ਪਰ ਉਨ੍ਹਾਂ ਨੂੰ ਯੋਜਨਾਬੱਧ ਲੀਡਰਸ਼ਿਪ ਸਮੀਖਿਆ ਪਹਿਲਾਂ ਕਰਵਾਉਣ ਲਈ ਵਚਨਬੱਧ ਹੋਣਾ ਪਿਆ ਅਤੇ ਸੂਬੇ ਦੇ ਕੋਵਿਡ-19 ਨਾਲ ਨਜਿੱਠਣ ਵਿਚ ਗਲਤੀਆਂ ਸਵੀਕਾਰ ਕਰਨ ਬਾਰੇ ਆਪਣੇ ਐਮਐੱਲਏਜ਼ ਨਾਲ ਗੱਲਬਾਤ ਕੀਤੀ। ਪਾਰਟੀ ਪ੍ਰਧਾਨ ਰਿਆਨ ਬੇਕਰ ਵਲੋਂ ਮੈਂਬਰਾਂ ਨੂੰ ਸੰਦੇਸ਼ ਵਿਚ ਕਿਹਾ ਕਿ ਸਾਲਾਨਾ ਆਮ ਮੀਟਿੰਗ ਰਵਾਇਤੀ ਤੌਰ 'ਤੇ ਬਸੰਤ ਰੁੱਤ ਵਿਚ ਹੁੰਦੀਆਂ ਹਨ ਪਰ ਜ਼ਮੀਨੀ ਪੱਧਰ ਦੀ ਪ੍ਰਤੀਕਿਰਿਆ ਕਾਰਨ ਯੂਸੀਪੀ ਪ੍ਰਾਂਤਿਕ ਬੋਰਡ ਨੇ ਛੇਤੀ ਸਮੀਖਿਆ ਕਰਨ ਦਾ ਫੈਸਲਾ ਕੀਤਾ ਹੈ। ਏਜੀਐਮ ਤੇ ਲੀਡਰਸ਼ਿਪ ਸਮੀਖਿਆ ਐਡਮਿੰਟਨ ਦੇ ਪੱਛਮ ਵਿਚ ਰਿਵਰ ਕਰੀ ਰਿਜ਼ਾਰਟ ਅਤੇ ਇਨੋਚ ਕਰੀ ਨੇਸ਼ਨ ਵਿਚ ਕੈਸੀਨੋ ਵਿਚ 8 ਤੇ 9 ਅਪ੍ਰੈਲ ਨੂੰ ਹੋਵੇਗੀ।

# ਐਡਮਿੰਟਨ ਦੇ ਮੇਅਰ ਲਈ ਉਮੀਦਵਾਰ ਮਾਈਕਲ ਓਸ਼ਰੀ ਵਲੋਂ ਮਜ਼ਬੂਤ ਆਰਥਿਕਤਾ ਦਾ ਵਾਅਦਾ

ਐਡਮਿੰਟਨ- ਸ਼ਹਿਰ ਦੇ ਮੇਅਰ ਦੇ ਅਹੁਦੇ ਲਈ ਉਮੀਦਵਾਰ ਮਾਈਕਲ ਓਸ਼ਰੀ ਨੇ ਸ਼ਹਿਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਕਿ ਅਸੀਂ ਸ਼ਹਿਰ ਵਿਚ ਖੁਸ਼ਹਾਲੀ ਵਾਪਸ ਲਿਆਉਣੀ ਹੈ ਅਤੇ ਇਸ ਨੂੰ ਲਿਆਉਣ ਦੇ ਰਸਤਿਆਂ ਵਿਚੋਂ ਇਕ ਇਹ ਹੈ ਕਿ ਕਾਰੋਬਾਰੀਆਂ ਲਈ ਕੰਮ ਕਰਨ ਨੂੰ ਸੌਖਾ ਬਣਾਉਣਾ ਹੈ ਜਿਹੜਾ ਉਹ ਕਰਦੇ ਹਨ। ਉਨ੍ਹਾਂ ਲੋੜੀਂਦੇ ਨਿਯਮਾਂ ਦਾ ਵਾਅਦਾ ਕੀਤਾ ਪਰ ਕਿਹਾ ਕਿ ਸ਼ਹਿਰ ਨੂੰ ਕੰਪਨੀਆਂ ਲਈ ਲਾਲ ਫੀਤਾਸ਼ਾਹੀ ਖਤਮ ਕਰਨ ਅਤੇ ਹਰ ਇਕ ਲਈ ਜ਼ਿਆਦਾ ਯੂਜ਼ਰ ਪੱਖੀ ਬਣਨ ਦੀ ਲੋੜ ਹੈ। ਉਹ ਕੇਵਲ ਕਾਰੋਬਾਰਾਂ ਦਾ ਖਿਆਲ ਰੱਖਣ ਦੀ ਗੱਲ ਨਹੀਂ ਕਰ ਰਹੇ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਬਹੁਤ ਸਾਰੇ ਲੋਕ ਕੰਮ ਕਰਦੇ ਤੇ ਵਿਕਰੀ ਕਰਦੇ ਹੋਏ ਟੈਕਸ ਪੈਦਾ ਕਰਨਗੇ ਜਿਸ ਨਾਲ ਐਡਮਿੰਟਨ ਵਾਸੀਆਂ ਨੂੰ ਇਕ ਮਜ਼ਬੂਤ ਤੇ ਹਮਦਰਦੀ ਵਾਲਾ ਸਮਾਜਿਕ ਸੁਰੱਖਿਆ ਨੈੱਟ ਮਿਲੇਗਾ। ਮਜ਼ਬੂਤ ਆਰਥਿਕਤਾ ਤੋਂ ਬਿਨ੍ਹਾਂ ਲੋਕ ਇਥੇ ਰਹਿਣਾ ਨਹੀਂ ਚਾਹੁੰਦੇ। ਸੀਟੀਵੀ ਨਿਊਜ਼ ਐਡਮਿੰਟਨ ਨਾਲ ਇਕ ਮੁਲਾਕਾਤ ਵਿਚ ਉਨ੍ਹਾਂ ਕਿਹਾ ਕਿ ਇਸ ਤੋਂ ਬਿਨ੍ਹਾਂ ਅਸੀਂ ਸਮਾਜਿਕ ਚੁਣੌਤੀਆਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ ਜਿਹੜੀਆਂ ਹੁਣ ਸਾਡੇ ਸਾਹਮਣੇ ਹਨ ਅਤੇ ਆਉਣ ਵਾਲੀਆਂ ਹਨ। ਕਾਰੋਬਾਰੀ ਤੇ ਇਕ ਵਾਰ ਕੌਂਸਲਰ ਬਣੇ ਓਸ਼ਰੀ ਮੇਅਰ ਦੇ ਅਹੁਦੇ ਦੀ ਦੌੜ ਵਿਚ ਕੁੱਦ ਪਏ ਹਨ ਕਿਉਂਕਿ ਉਸ ਨੂੰ ਯਕੀਨ ਹੈ ਕਿ ਐਡਮਿੰਟਨ ਨੂੰ ਉਸ ਦੀਆਂ ਮੁਹਾਰਤਾਂ ਵਾਲੇ ਮੇਅਰ ਦੀ ਲੋੜ ਹੈ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca



PUNJAB LINK
# ਪੰਜਾਬ ਲਿੰਕ

ਸ਼ਨਿਚਰਵਾਰ, 2 ਅਕਤੂਬਰ, 2021

ਰਿਅਲ ਅਸਟੇਟ | REAL ESTATE

www.punjablinkpaper.com 604-503-5465



*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8



info@amrikcheema.com


## ਸਰੀ ਸਕੂਲ ਬੋਰਡ ਨੇ ਕਿੰਡਰਗਾਰਟਨ ਤੋਂ ਤੀਸਰੀ ਕਲਾਸ ਤੱਕ ਮਾਸਕ ਕੀਤਾ ਲਾਜ਼ਮੀ



ਵੈਨਕੂਵਰ-ਬੀਸੀ ਦਾ ਸਭ ਤੋਂ ਵੱਧ ਆਬਾਦੀ ਵਾਲੇ ਸਕੂਲ ਡਿਸਟ੍ਰਿਕਟ ਵੈਨਕੂਵਰ ਸਕੂਲ ਬੋਰਡ ਦੀ ਅਗਵਾਈ ਵਿਚ ਚਲਦੇ ਹੋਏ ਆਪਣੇ ਸਥਾਨਕ ਮਾਸਕ ਹੁਕਮ ਦਾ ਵਿਸਤਾਰ ਕਰ ਰਿਹਾ ਹੈ ਅਤੇ ਇਸ ਵਿਚ ਕਿੰਡਰਗਾਰਟਰ ਤੋਂ ਗਰੇਡ ਤਿੰਨ ਤਕ ਦੇ ਵਿਦਿਆਰਥੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਰੀ ਬੋਰਡ ਆਫ ਐਜੂਕੇਸ਼ਨ ਦੇ ਬਿਆਨ ਜਿਸ ਨੂੰ ਡਿਸਟ੍ਰਿਕਟ ਸੁਪਰਡੈਂਟ ਜੌਹਨ ਟਿਨੇ ਨੇ ਟਵਿੱਟਰ 'ਤੇ ਸ਼ੇਅਰ ਕੀਤਾ ਹੈ ਮੁਤਾਬਿਕ 4 ਅਕਤੂਬਰ ਸੋਮਵਾਰ ਤੋਂ ਛੋਟੇ ਵਿਦਿਆਰਥੀਆਂ ਨੂੰ ਸਕੂਲ ਵਿਚ ਮਾਸਕ ਪਹਿਨਣਾ ਪਵੇਗਾ। ਚੌਥੀ ਤੋਂ ਲੈ ਕੇ 12ਵੀਂ ਜਮਾਤ ਤਕ ਦੇ ਵਿਦਿਆਰਥੀਆਂ ਲਈ ਸਕੂਲ ਵਿਖੇ ਮਾਸਕ ਪਹਿਨਣਾ ਉਸ ਸਮੇਂ ਤੋਂ ਲਾਜ਼ਮੀ ਹੈ ਜਦੋਂ ਤੋਂ ਮੌਜੂਦਾ ਸਕੂਲ ਸਾਲ ਸ਼ੁਰੂ ਹੋਇਆ ਹੈ। ਬਿਆਨ ਵਿਚ ਬੋਰਡ ਨੇ ਕਿਹਾ ਕਿ ਉਸ ਨੇ ਲਾਜ਼ਮੀ ਮਾਸਕ ਦੇ ਆਦੇਸ਼ ਦੇ ਵਿਸਤਾਰ ਅਤੇ ਕੋਵਿਡ-19 ਨਾਲ ਸਬੰਧਿਤ ਦੂਸਰੇ ਮੁੱਦਿਆਂ'ਤੇ ਚਰਚਾ ਕਰਨ ਲਈ ਸਕੂਲਾਂ ਬਾਰੇ ਫਰੇਜ਼ਰ ਹੈਲਥ ਦੇ ਮੈਡੀਕਲ ਹੈਲਥ ਅਫਸਰ ਨਾਲ ਮੁਲਾਕਾਤ ਕੀਤੀ ਸੀ। ਬੋਰਡ ਨੇ ਕਿਹਾ ਕਿ ਮਾਸਕ ਹੋਰ ਉਪਾਵਾਂ ਨਾਲ ਮਿਲ ਕੇ ਸੁਰੱਖਿਆ ਦੀ ਪ੍ਰਭਾਵਸ਼ਾਲੀ ਪਰਤ ਬਣਦੇ ਹਨ ਅਤੇ ਅਸੀਂ ਇਹ ਕਦਮ ਚੁੱਕ ਕੇ ਖੁਸ਼ ਹਾਂ।




## ਫਰੂਟੀਕੈਨਾ ਵਲੋਂ ਬਿਮਾਰ ਬੱਚਿਆਂ ਦੀ ਮਦਦ ਲਈ ਕੀਤੇ 101000 ਡਾਲਰ ਦਾਨ

ਸਰੀ-ਇਥੋਂ ਦੇ ਕਾਰੋਬਾਰੀ ਟੋਨੀ ਸਿੰਘ ਨੇ ਬਿਮਾਰ ਬੱਚਿਆਂ ਦੀ ਮਦਦ ਲਈ ਪੈਸੇ ਦੀ ਇਕ ਵਾਰ ਫਿਰ ਵੱਡੀ ਮਦਦ ਕੀਤੀ ਹੈ। ਸਰੀ ਵਿਚ ਬੀ. ਸੀ. ਚਿਲਡਰਨਸ ਹਸਪਤਾਲ ਫਾਉਂਡੇਸ਼ਨ ਨੂੰ 101000 ਚੈੱਕ ਭੇਟ ਕਰਨ ਪਿੱਛੋਂ ਟੋਨੀ ਸਿੰਘ ਨੇ ਨਾਓ-ਲੀਡਰ ਨੂੰ ਦੱਸਿਆ ਕਿ ਬੱਚੇ ਸਾਡਾ ਭਵਿੱਖ ਹਨ। ਉਨ੍ਹਾਂ ਦੀ ਦੇਖਭਾਲ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਹ ਪੈਸਾ ਟਾਈਪ ਇਕ ਸ਼ੂਗਰ ਵਾਲੇ ਬੱਚਿਆਂ ਦੇ ਇਲਾਜ 'ਤੇ ਖਰਚਿਆ ਜਾਵੇਗਾ। ਇਹ ਪਹਿਲਾ ਮੌਕਾ ਨਹੀਂ ਜਦੋਂ ਫਰੂਟੀਕਾਨਾ ਨੇ ਵੱਡੇ ਪੱਧਰ 'ਤੇ ਕਮਿਊਨਿਟੀ ਦੀ ਸਹਾਇਤਾ ਕੀਤੀ ਹੈ। ਸਿੰਘ ਨੇ ਦੱਸਿਆ ਕਿ ਅਪ੍ਰੈਲ ਵਿਚ ਵਿਸਾਖੀ ਦੀ ਭਾਵਨਾ ਨਾਲ ਉਸ ਦੀ ਕੰਪਨੀ ਨੇ ਸਰੀ ਫੂਡ ਬੈਂਕ ਨੂੰ ਭੋਜਨ ਲਈ 23000 ਪੌਂਡ ਦਾਨ ਕੀਤਾ ਸੀ। ਪਿਛਲੇ ਸਾਲ ਕੰਪਨੀ ਨੇ ਸਰੀ ਹਸਪਤਾਲ ਫਾਉਂਡੇਸ਼ਨ ਨੂੰ ਸਰੀ ਮੈਮੋਰੀਅਲ ਹਸਪਤਾਲ ਵਿਖੇ ਚਿਲਡਰਨਸ ਹੈਲਥ ਕੇਅਰ ਸੈਂਟਰ ਦੀ ਸਹਾਇਤਾ ਲਈ ਇਕ ਲੱਖ ਡਾਲਰ ਦਾਨ ਕੀਤੇ ਸਨ।





**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION


**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch





# ਅੱਖਾਂ ਦੇ ਹਸਪਤਾਲ ਦੀ ਬਿਲਡਿੰਗ ਦੀ ਦੂਸਰੀ ਮੰਜ਼ਿਲ ਦਾ ਲੈਂਟਰ ਪਾਇਆ

ਜੀਰਾ (ਤਰਸੇਮ ਲਾਲ ਖੁਰਾਣਾ)-ਸ੍ਰੀ ਗੁਰੂ ਹਰਗੋਬਿੰਦ ਚੈਰੀਟੇਬਲ ਟਰੱਸਟ ਵਕੀਲਾਂ ਵਾਲਾ ਵੱਲੋਂ ਬਣ ਰਹੇ ਅੱਖਾਂ ਦੇ ਹਸਪਤਾਲ ਦੀ ਬਿਲਡਿੰਗ ਦੀ ਦੂਸਰੀ ਮੰਜ਼ਿਲ ਦਾ ਲੈਂਟਰ ਪਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕ ਕੁਲਬੀਰ ਸਿੰਘ ਜੀਰਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਹਸਪਤਾਲ ਨਾਲ ਇਲਾਕੇ ਅਤੇ ਖਾਸਕਰ ਕਰੀਬ ਲੋਕਾਂ ਨੂੰ ਬਹੁਤ ਵੱਡਾ ਲਾਭ ਮਿਲੇਗਾ। ਉਨ੍ਹਾਂ ਨੂੰ ਅੱਖਾਂ ਦੀ ਬੀਮਾਰੀਆਂ ਦਾ ਸਸਤਾ ਤੇ ਵਧੀਆ ਇਲਾਜ ਆਪਣੇ ਇਲਾਕੇ ਵਿਚ ਹੀ ਮਿਲ ਜਾਵੇਗਾ। ਇਸ ਦੌਰਾਨ ਸੰਸਥਾ ਦੇ ਸਰਪ੍ਰਸਤ ਸੰਤ ਬਾਬਾ ਗੁਰਸੇਵਕ ਸਿੰਘ ਸੀਹਣੀ ਸਾਹਿਬ ਵਾਲੇ ਅਤੇ ਚੇਅਰਮੈਨ ਸੁਖਦੇਵ ਸਿੰਘ ਸਿੱਧੂ ਵੱਲੋਂ ਵਿਧਾਇਕ ਕੁਲਬੀਰ ਸਿੰਘ ਜੀਰਾ ਨੂੰ ਸੁਰੋਪਾਓ ਭੇਂਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂ ਗੁਲਜ਼ਾਰ ਸਿੰਘ, ਕਰਮਜੀਤ ਸਿੰਘ ਸਰਪੰਚ, ਪ੍ਰਗਟ ਸਿੰਘ ਖਜ਼ਾਨਚੀ, ਮਹਿੰਦਰਜੀਤ ਸਿੰਘ ਸਿੱਧੂ ਚੇਅਰਮੈਨ ਬਲਾਕ ਸੰਮਤੀ, ਰਸ਼ਪਾਲ ਸਿੰਘ ਗਿੱਲ, ਪ੍ਰਧਾਨ ਨਗਰ ਕੌਂਸਲ ਜੀਰਾ, ਬਾਬਾ ਕਰਨੈਲ ਸਿੰਘ, ਕੈਪਟਨ ਮਸਤਾਨ ਸਿੰਘ, ਗੁਰਮੀਤ ਸਿੰਘ ਸੀਰਾ ਸਾਬਕਾ ਚੇਅਰਮੈਨ, ਕਿਰਨਪਾਲ ਸਿੰਘ ਸੋਢੀ, ਜਲੌਰ ਸਿੰਘ ਮਣਕਿਆਂ ਵਾਲੀ, ਬਲਦੇਵ ਸਿੰਘ ਕੰਗ, ਰੇਸ਼ਮ ਸਿੰਘ ਮਰਹਾਣਾ, ਟੇਕ ਸਿੰਘ ਗਿੱਲ, ਮਨਪ੍ਰੀਤ ਸਿੰਘ ਜੀਰਾ, ਪ੍ਰੀਤਮ ਸਿੰਘ ਕੈਨੇਡਾ, ਗੁਰਬਖਸ਼ ਸਿੰਘ ਸਰਪੰਚ ਆਦਿ ਹਾਜ਼ਰ ਸਨ।

## ਪੇਸ਼ਾਵਰ ਵਿਚ ਮਸ਼ਹੂਰ ਸਿੱਖ ਹਕੀਮ ਦਾ ਗੋਲੀਆਂ ਮਾਰ ਕੇ ਕਤਲ



ਪੇਸ਼ਾਵਰ-ਪਾਕਿਸਤਾਨ ਦੇ ਪੇਸ਼ਾਵਰ ਵਿੱਚ ਸਿੱਖ ਭਾਈਚਾਰੇ ਦੇ ਇੱਕ ਬੜੇ ਪਛਾਣੇ ਹੋਏ ਹਕੀਮ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਹੈ। ਇਹ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ ਦਾ ਇੱਕ ਨਵਾਂ ਮਾਮਲਾ ਹੈ। ਪੁਲਿਸ ਨੇ ਦੱਸਿਆ ਕਿ ਹਮਲਾਵਰ ਕਲੀਨਿਕ ਵਿੱਚ ਆਏ ਅਤੇ ਸਿੱਖ ਹਕੀਮ ਨੂੰ ਗੋਲੀਆਂ ਮਾਰ ਦਿੱਤੀਆਂ। ਮ੍ਰਿਤਕ ਦਾ ਨਾਂ ਸਤਨਾਮ ਸਿੰਘ ਸੀ। ਉਸ ਨੂੰ ਜ਼ਖਮੀ ਹਾਲਤ ਵਿੱਚ ਲੇਡੀ ਰੀਡਿੰਗ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਪੁਲਿਸ ਦੇ ਅਨੁਸਾਰ ਸਤਨਾਮ ਸਿੰਘ ਇੱਕ ਦਿਨ ਪਹਿਲਾਂ ਹਸਨ ਅਬਦਾਲ ਤੋਂ ਪੇਸ਼ਾਵਰ ਆਏ ਸੀ। ਹਕੀਮ ਸਤਨਾਮ ਸਿੰਘ ਪੇਸ਼ਾਵਰ ਤੋਂ ਇਲਾਵਾ ਹਸਨ ਅਬਦਾਲ ਅਤੇ ਰਾਵਲਪਿੰਡੀ ਵਿੱਚ ਵੀ ਮਰੀਜ਼ਾਂ ਨੂੰ ਦੇਖਦੇ ਸਨ। ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਕੈਪੀਟਲ ਸਿਟੀ ਦੇ ਪੁਲਿਸ ਅਧਿਕਾਰੀ ਪਿਸ਼ਾਵਰ ਨੇ ਕਿਹਾ ਕਿ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਆਮ ਲੋਕਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਕੁੜੀਆਂ ਨੂੰ ਅਗਵਾ ਕਰਕੇ ਉਨ੍ਹਾਂ ਨੂੰ ਧਰਮ ਪਰਿਵਰਤਨ ਨੂੰ ਮਜਬੂਰ ਕੀਤਾ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਭੀੜ ਨੇ ਪਾਕਿਸਤਾਨ ਦੇ ਮੰਦਰਾਂ ਦੀ ਭੰਨ-ਤੋੜ ਕੀਤੀ ਸੀ। ਵੰਡ ਤੋਂ ਬਾਅਦ ਏਥੇ ਹਿੰਦੂਆਂ ਅਤੇ ਸਿੱਖਾਂ ਦੀ ਆਬਾਦੀ ਲਗਾਤਾਰ ਘਟਦੀ ਜਾ ਰਹੀ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning,
Crown and Bridge, Root Canals,
Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla

GLOBAL INSURANCE

Specialist in :
- Home Owners • Business
- Farm • Fleet • Prorate
- Cargo • Visitor to Canada
- ICBC Auto • Travel Medical
- Liability • Tenants
- Private Motorcycle • Boat
- Course of Construction
- Commercial Property
- Rental Home • High Value Homes

Call Now For
SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ



GULSHARAN S. WALIA HARVINDER WALIA KANWAR (SUNNY) WALIA

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

"WE SECURE YOUR VALUES"

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

Autoplan
New Producers Welcome

ਸੁਪਰ ਵੀਜ਼ਾ ਇੰਸ਼ੋਰੈਂਸ ਲਈ
ਅੱਜ ਹੀ ਫੋਨ ਕਰੋ

www.globalins.ca

3 LOCATIONS TO SERVE YOU :

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761

# ਏਅਰ ਕੈਨੇਡਾ ਨੇ ਭਾਰਤ ਲਈ ਵੈਨਕੂਵਰ, ਟੋਰਾਂਟੋ ਤੋਂ ਸਿੱਧੀਆਂ ਉਡਾਨਾਂ ਕੀਤੀਆਂ ਸ਼ੁਰੂ

ਵੈਨਕੂਵਰ-ਇੱਕ ਵਾਰੀ ਮੁੜ ਕੈਨੇਡੀਅਨ ਭਾਰਤ ਲਈ ਏਅਰ ਕੈਨੇਡਾ ਦੀਆਂ ਫਲਾਈਟਸ ਬੁੱਕ ਕਰ ਸਕਣਗੇ। ਸੋਮਵਾਰ ਤੋਂ ਕੈਨੇਡਾ ਤੋਂ ਦਿੱਲੀ ਤੇ ਦਿੱਲੀ ਤੋਂ ਕੈਨੇਡਾ ਲਈ ਨੌਨ ਸਟੌਪ ਉਡਾਨਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪਿੱਛੇ ਜਿਹੇ ਸਰਕਾਰ ਨੇ ਭਾਰਤ ਲਈ



ਏਅਰ ਟਰੈਵਲ ਉੱਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਦਿੱਤੀਆਂ ਸਨ। ਇਹ ਪਾਬੰਦੀਆਂ ਕੋਵਿਡ-19 ਮਹਾਂਮਾਰੀ ਕਾਰਨ ਲਾਈਆਂ ਗਈਆਂ ਸਨ। ਭਾਰਤ ਤੋਂ ਕੈਨੇਡਾ ਆਂਉਣ ਵਾਲੀਆਂ ਸਿੱਧੀਆਂ ਫਲਾਈਟਸ ਲਈ ਕੁੱਝ ਵਾਧੂ ਸੇਫਟੀ ਮਾਪਦੰਡ ਅਪਣਾਉਣ ਦੀ ਹਦਾਇਤ ਦਿੱਤੀ ਗਈ ਹੈ। ਇਹ ਮਾਪਦੰਡ ਹੇਠ ਲਿਖੇ ਅਨੁਸਾਰ ਹੋਣਗੇ : • ਦਿੱਲੀ ਏਅਰਪੋਰਟ ਉੱਤੇ ਮੌਜੂਦ ਮੰਜ਼ੂਰਸ਼ੁਦਾ ਜੀਨਸਟ੍ਰਿੰਗਜ਼ ਲੈਬੋਰੇਟਰੀ ਤੋਂ ਕੋਵਿਡ 19 ਦੇ ਮੌਲੀਕਿਊਲਰ ਟੈਸਟ ਦੀ ਨੈਗੇਟਿਵ ਰਿਪੋਰਟ ਦਾ ਸਬੂਤ ਟਰੈਵਲਰਜ਼ ਨੂੰ ਪੇਸ਼ ਕਰਨਾ ਹੋਵੇਗਾ। ਇਹ ਟੈਸਟ ਟਰੈਵਲਰਜ਼ ਨੂੰ ਕੈਨੇਡਾ ਦੀ ਸਿੱਧੀ ਫਲਾਈਟ ਦੀ ਰਵਾਨਗੀ ਤੋਂ 18 ਘੰਟੇ ਦੇ ਅੰਦਰ ਅੰਦਰ ਮੁਹੱਈਆ ਕਰਵਾਉਣਾ ਹੋਵੇਗਾ। • ਜਹਾਜ਼ ਚੜ੍ਹਨ ਤੋਂ ਪਹਿਲਾਂ ਏਅਰ ਆਪਰੇਟਰਜ਼ ਇਹ ਯਕੀਨੀ ਬਣਾਉਣਗੇ ਕਿ ਟਰੈਵਲਰਜ਼ ਦੇ ਇਸ ਟੈਸਟ ਦੇ ਨਤੀਜੇ ਨੈਗੇਟਿਵ ਹੋਣ ਤੇ ਫਿਰ ਹੀ ਸਬੰਧਤ ਟਰੈਵਲਰ ਨੂੰ ਕੈਨੇਡਾ ਆਉਣ ਦੇ ਯੋਗ ਕਰਾਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵੈਕਸੀਨੇਸ਼ਨ ਪੂਰੀ ਕਰਵਾ ਚੁੱਕੇ ਟਰੈਵਲਰਜ਼ ਨੂੰ ਆਪਣੀ ਇਹ ਜਾਣਕਾਰੀ ਐਰਾਈਵਕੈਨ ਮੋਬਾਈਲ ਐਪ ਜਾਂ ਵੈੱਬਸਾਈਟ ਉੱਤੇ ਵੀ ਭਰਨੀ ਹੋਵੇਗੀ। ਫੈਡਰਲ ਸਰਕਾਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਟਰੈਵਲਰਜ਼ ਨੂੰ ਕੈਨੇਡਾ ਲਈ ਜਹਾਜ਼ ਨਹੀਂ ਚੜ੍ਹਨ ਦਿੱਤਾ ਜਾਵੇਗਾ। ਕਿਸੇ ਕੁਨੈਕਟਿੰਗ ਫਲਾਈਟ ਰਾਹੀਂ ਭਾਰਤ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਨੂੰ ਰਵਾਨਗੀ ਤੋਂ 72 ਘੰਟੇ ਪਹਿਲਾਂ ਕੋਵਿਡ-19 ਦੇ ਮੌਲੀਕਿਊਲਰ ਟੈਸਟ ਦੀ ਨੈਗੇਟਿਵ ਰਿਪੋਰਟ ਕੈਨੇਡਾ ਲਈ ਸਫਰ ਜਾਰੀ ਰੱਖਣ ਵਾਸਤੇ ਪੇਸ਼ ਕਰਨੀ ਹੋਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਨੇ 21 ਅਕਤੂਬਰ ਤੱਕ ਕੈਨੇਡੀਅਨ ਟਰੈਵਲ ਉੱਤੇ ਪਾਬੰਦੀਆਂ ਲਾਈਆਂ ਹੋਈਆਂ ਹਨ।ਕੈਨੇਡੀਅਨ ਸਰਕਾਰ ਅਜੇ ਵੀ ਆਪਣੇ ਨਾਗਰਿਕਾਂ ਨੂੰ ਗੈਰ ਜ਼ਰੂਰੀ ਇੰਟਰਨੈਸ਼ਨਲ ਸਫਰ ਕਰਨ ਤੋਂ ਵਰਜ ਰਹੀ ਹੈ।






# ਬਹੁ-ਚਰਚਿਤ ਖੱਬੇ ਪੱਖੀ ਨੌਜਵਾਨ ਆਗੂ ਕਨ੍ਹਈਆ ਕੁਮਾਰ ਕਾਂਗਰਸ ਪਾਰਟੀ 'ਚ ਸ਼ਾਮਲ

ਨਵੀਂ ਦਿੱਲੀ-ਅੱਜ ਦੋ ਬਹੁ-ਚਰਚਿਤ ਨੌਜਵਾਨ ਨੇਤਾਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚ ਇੱਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨਦਾ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਅਤੇ ਦੂਸਰਾ ਗੁਜਰਾਤ ਦਾ ਆਜ਼ਾਦ ਵਿਧਾਇਕ ਜਿਗਨੇਸ਼ ਮੇਵਾਨੀ ਹਨ। ਜਿਗਨੇਸ਼ ਮੇਵਾਨੀ ਨੇ ਕਿਹਾ ਕਿ ਉਨ੍ਹਾਂ ਨੇ ਰਸਮੀ ਤੌਰ ਉੱਤੇ ਕਾਂਗਰਸ ਪਾਰਟੀ ਦੀ ਮੈਂਬਰਸ਼ਿਪ ਅਜੇ ਨਹੀਂ ਲਈ, ਕਿਉਂਕਿ ਉਹ ਗੁਜਰਾਤ ਵਿਧਾਨ ਸਭਾ ਦੇ ਆਜ਼ਾਦ ਮੈਂਬਰ ਹਨ ਅਤੇ ਇਸ ਤਰ੍ਹਾਂ ਕਰਨਾ ਦਲਬਦਲੀ ਕਾਨੂੰਨ ਹੇਠ ਆ ਸਕਦਾ ਹੈ।ਇਨ੍ਹਾਂ ਦੋਵਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਪਾਰਟੀ ਸੰਗਠਨ ਦੇ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਅਤੇ ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਅਤੇ ਕਾਂਗਰਸ ਦੇ ਬਿਹਾਰ ਦੇ ਇੰਚਾਰਜ ਭਗਤ ਚਰਨਦਾਸ ਨੇ ਪ੍ਰੈੱਸ ਕਾਨਫਰੰਸ ਕੀਤੀ। ਕਾਂਗਰਸ ਵਿੱਚ ਸ਼ਾਮਲ ਹੋਣ ਮਗਰੋਂ ਕਨ੍ਹਈਆ ਕੁਮਾਰ ਨੇ ਕਿਹਾ ਕਿ ਇਹਭਾਰਤ ਦੀ ਸਭ ਤੋਂ ਪੁਰਾਣੀ ਪਾਰਟੀ ਹੈ,ਅੱਜ ਮੈਂ ਸਭ ਤੋਂ ਲੋਕਤੰਤਰੀ ਪਾਰਟੀ ਕਾਂਗਰਸ ਵਿੱਚ ਸ਼ਾਮਲ ਹੋਇਆ ਹਾਂ, ਕਾਂਗਰਸ ਗਾਂਧੀ ਦੀ ਵਿਰਾਸਤ ਨਾਲ ਚੱਲਦੀ ਹੈ।ਇਸ ਸਭ ਤੋਂ ਵੱਡੀ ਲੋਕਤੰਤਰੀ ਪਾਰਟੀ ਨੂੰ ਬਚਾਉਣਾ ਜ਼ਰੂਰੀ ਹੈ। ਜੇ ਕਾਂਗਰਸ ਨਾ ਬਚੀ ਤਾਂ ਦੇਸ਼ ਨਹੀਂ ਬਚੇਗਾ। ਕੁਝ ਲੋਕ ਦੇਸ਼ ਦਾ ਭਵਿੱਖ ਖਰਾਬ ਕਰਨਾ ਚਾਹੁੰਦੇ ਹਨ। ਕਾਂਗਰਸ ਇੱਕ ਵੱਡਾ ਜਹਾਜ਼ ਹੈ, ਕਾਂਗਰਸ ਬਚੇਗੀ ਤਾਂ ਮੇਰਾ ਮੰਨਣਾ ਹੈ ਕਿ ਨੌਜਵਾਨਾਂ ਦਾ ਸੁਫ਼ਨਾ ਬਚੇਗਾ।ਕਨ੍ਹਈਆ ਕੁਮਾਰ ਨੇ ਕਿਹਾ:ਅੱਜ ਇਸ ਦੇਸ਼ ਨੂੰ ਭਗਤ ਸਿੰਘ ਦੇ ਸਾਹਸ, ਅੰਬੇਡਕਰ ਦੀ ਸਮਾਨਤਾ ਤੇ ਮਹਾਤਮਾ ਗਾਂਧੀ ਦੀ ਏਕਤਾ ਦੀ ਲੋੜ ਹੈ।ਉਨ੍ਹਾ ਕਿਹਾ ਕਿ ਮੈਂ ਕਿਤੇ ਪੜ੍ਹਿਆ ਹੈ ਕਿ ਆਪਣੇ ਦੁਸ਼ਮਣ ਦੀ ਚੋਣ ਕਰੋ, ਦੋਸਤ ਆਪਣੇ ਆਪ ਬਣ ਜਾਣਗੇ। ਗੁਜਰਾਤ ਤੋਂ ਵਿਧਾਇਕ ਜਿਗਨੇਸ਼ ਮੇਵਾਨੀ ਨੇ ਕਿਹਾ ਕਿ ਅੱਜ ਭਰਾ-ਭਰਾ ਇਕ-ਦੂਸਰੇ ਦੇ ਦੁਸ਼ਮਣ ਹੋ ਰਹੇ ਹਨ, ਇੰਨਾ ਜ਼ਹਿਰ, ਇੰਨੀ ਨਫ਼ਰਤ ਫੈਲਦੀ ਵੇਖੀ ਨਹੀਂ ਜਾ ਰਹੀ। ਕੁਝ ਵੀ ਕਰ ਕੇ ਇਸ ਦੇਸ਼ ਦੇ ਸੰਵਿਧਾਨ, ਲੋਕਤੰਤਰ ਅਤੇ ਭਾਰਤ ਨੂੰ ਬਚਾਉਣਾ ਹੈ। ਮੈਂ ਉਸ ਨਾਲ ਖੜਾ ਹੋਣਾ ਹੈ, ਜਿਸ ਨੇ ਅੰਗਰੇਜ਼ਾਂ ਨੂੰ ਭਜਾਇਆ ਹੈ, ਇਸ ਲਈ ਮੈਂ ਕਾਂਗਰਸ ਦੇ ਨਾਲ ਖੜਾ ਹਾਂ ਉਨ੍ਹਾ ਕਿਹਾ; ਮੈਂ ਆਜ਼ਾਦ ਵਿਧਾਇਕ ਹਾਂ, ਇਸ ਲਈ ਰਸਮੀ ਤੌਰ ਉੱਤੇ ਕਾਂਗਰਸ ਵਿੱਚ ਸ਼ਾਮਲ ਨਹੀਂ ਹੋ ਸਕਦਾ, ਪਰ 2022 ਦੀ ਚੋਣ ਕਾਂਗਰਸ ਦੇ ਚੋਣ ਨਿਸ਼ਾਨ ਉੱਤੇ ਹੀ ਲੜਾਂਗਾ ਅਤੇ ਇਸ ਲਈ ਮੁਹਿੰਮ ਚਲਾਵਾਂਗਾ।

# ਪਤਨੀ, ਬੇਟੇ, ਬੇਟੀ ਤੇ ਭਤੀਜੀ ਦੀ ਹੱਤਿਆ ਪਿੱਛੋਂ ਹੋਟਲ ਦੇ ਮਾਲਕ ਵੱਲੋਂ ਆਤਮਹੱਤਿਆ

ਪਲਵਰ-ਹਰਿਆਣਾ ਦੇ ਪਲਵਲ ਜ਼ਿਲ੍ਹੇ ਦੇ ਪਿੰਡ ਔਰੰਗਾਬਾਦ ਵਿੱਚ ਇੱਕੋ ਪਰਵਾਰ ਦੇ ਤਿੰਨ ਬੱਚਿਆਂ ਸਮੇਤ ਪੰਜ ਵਿਅਕਤੀਆਂ ਦੀ ਭੇਤ ਭਰੇ ਢੰਗ ਨਾਲ ਹੋਈ ਮੌਤ ਹੋ ਗਈ ਹੈ। ਪੁਲਸ ਮੁਤਾਬਕ ਨਰੇਸ਼ ਕੁਮਾਰ ਦੇ ਪਿਤਾ ਲੱਖੀ ਰਾਮ ਨੇ ਕੱਲ੍ਹ ਸਵੇਰੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੋਈ ਆਵਾਜ਼ ਨਹੀਂ ਆਈ। ਉਸ ਨੇ ਗੁਆਂਢੀ ਨੂੰ ਇਸ ਬਾਰੇ ਦੱਸਿਆ। ਜਦੋਂ ਦਰਵਾਜ਼ਾ ਤੋੜਿਆ ਤਾਂ ਅੰਦਰ ਸਭ ਮ੍ਰਿਤਕ ਹਾਲਤ ਵਿੱਚ ਸਨ। ਨਰੇਸ਼ ਕੁਮਾਰ ਦੀ ਲਾਸ਼ ਛੱਤ ਦੇ ਪੱਖੇ ਨਾਲ ਲਟਕ ਰਹੀ ਸੀ ਤੇ ਪਰਵਾਰ ਦੇ ਬਾਕੀ ਚਾਰ ਮੈਂਬਰਾਂ ਦੀਆਂ ਲਾਸ਼ਾਂ ਵੱਖ-ਵੱਖ ਬੈੱਡਾਂ ਉੱਤੇ ਪਈਆਂ ਸਨ। ਮ੍ਰਿਤਕ ਨਰੇਸ਼ ਕੁਮਾਰ ਝਾਂਸੀ ਵਿੱਚ ਹੋਟਲ ਨਾਲ ਪਰਵਾਰ ਪਾਲਦਾ ਸੀ। ਉਹ ਇੱਕ ਦਿਨ ਪਹਿਲਾਂ ਝਾਂਸੀ ਤੋਂ ਆਪਣੇ ਘਰ ਆਇਆ ਸੀ। ਮ੍ਰਿਤਕਾਂ ਵਿੱਚ ਨਰੇਸ਼ ਕੁਮਾਰ (33), ਆਰਤੀ (30), ਰਵਿਤਾ (11), ਭਾਵਨਾ (9) ਅਤੇ ਸੰਜੇ (7) ਸ਼ਾਮਲ ਹਨ। ਸ਼ੱਕ ਹੈ ਕਿ ਪਰਵਾਰਕ ਕਲੇਸ਼ ਕਾਰਨ ਨਰੇਸ਼ ਕੁਮਾਰ ਨੇ ਪਤਨੀ, ਦੋ ਬੱਚਿਆਂ ਅਤੇ ਭਤੀਜੀ ਨੂੰ ਜ਼ਹਿਰ ਦੇ ਕੇ ਜਾਂ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਫਿਰ ਆਤਮ-ਹੱਤਿਆ ਕਰ ਲਈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616






# ਰੈਜ਼ੀਡੈਂਸ਼ਲ ਸਕੂਲ ਸਰਵਾਈਵਰਾਂ ਵਲੋਂ ਟਰੁੱਥ ਐਂਡ ਰੀਕੌਂਸੀਲੀਏਸ਼ਨ ਕੌਮੀ ਦਿਵਸ ਵਜੋਂ ਮਨਾਇਆ

ਟੋਰਾਂਟੋ-ਦੇਸ਼ ਭਰ ਦੇ ਰੈਜ਼ੀਡੈਂਸ਼ਲ ਸਕੂਲ ਸਰਵਾਈਵਰਸ ਵੀਰਵਾਰ ਨੂੰ ਆ ਰਹੇ ਨੈਸ਼ਨਲ ਡੇਅ ਫਾਰ ਟਰੁੱਥ ਐਂਡ ਰੀਕੌਂਸੀਲੀਏਸ਼ਨ (ਸੱਚ ਤੇ ਮੇਲ-ਮਿਲਾਪ ਕੌਮੀ ਦਿਵਸ) ਤੋਂ

**ਕੌਮੀ ਹੌਲੀਡੇ ਦੇ ਬਾਵਜੂਦ ਅਲਬਰਟਾ, ਸਸਕੈਚਵਨ, ਨਿਊ ਬਰੁੰਸਵਿਕ, ਕਿਊਬਕ ਤੇ ਓਨਟਾਰੀਓ ਸਮੇਤ ਕਈ ਸੂਬਿਆਂ ਨੇ ਇਸ ਨੂੰ ਨਹੀਂ ਦਿੱਤੀ ਮਾਨਤਾ**

ਪਹਿਲਾਂ ਆਪਣੀਆਂ ਕਹਾਣੀਆਂ ਸਾਂਝੀਆਂ ਕਰ ਰਹੇ ਹਨ। ਪਾਰਲੀਮੈਂਟ ਹਿਲ 'ਤੇ ਕਈ ਸਰਵਾਈਵਰਾਂ ਨੇ ਸੈਂਕੜੇ ਲੋਕਾਂ ਦੀ ਭੀੜ ਨਾਲ ਰੈਜ਼ੀਡੈਂਸ਼ਲ ਸਕੂਲ ਸਿਸਟਮ ਵਿਚ ਉਨ੍ਹਾਂ ਦੇ ਦਹਿਸ਼ਤ ਭਰੇ ਅਨੁਭਵ ਬਾਰੇ ਚਰਚਾ ਕੀਤੀ। ਇਨੁਕ ਨੇਤਾ ਲੇਵੀਨਾ ਬਰਾਊਨ ਨੇ ਕਿਹਾ ਕਿ ਸਾਨੂੰ ਇਹ ਮਹਿਸੂਸ ਕਰਵਾਇਆ ਗਿਆ ਸੀ ਕਿ ਅਸੀਂ ਬਹੁਤੇ ਚੰਗੇ ਨਹੀਂ। ਇਕ ਨੇਸ਼ਨ ਵਜੋਂ ਅਸੀਂ





ਆਪਣੀ ਕਹਾਣੀ ਬਦਲ ਸਕਦੇ ਹਾਂ, ਉਨ੍ਹਾਂ ਆਪਣੇ ਸਾਥੀ ਸਰਵਾਈਵਰਾਂ ਨੂੰ ਕਿਹਾ ਕਿ ਉਹ ਤੁਹਾਨੂੰ ਦੱਸਣਾ ਚਾਹੁੰਦਾ ਹੈ ਕਿ ਉਹ ਤੁਹਾਨੂੰ ਪਿਆਰ ਕਰਦਾ ਹੈ। ਵੀਰਵਾਰ ਨੂੰ ਪਹਿਲਾ ਨੈਸ਼ਨਲ ਡੇਅ ਫਾਰ ਟਰੁੱਥ ਐਂਡ ਰੀਕੌਂਸਲੀਏਸ਼ਨ ਨਵੀ ਫੈਡਰਲ ਹੋਲੀਡੇਅ ਹੋਵੇਗੀ ਜਿਹੜੀ ਗੁਆਚੇ ਬੱਚਿਆਂ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਸਰਵਾਈਵਰਾਂ, ਉਨ੍ਹਾਂ ਦੇ ਪਰਿਵਾਰਾਂ ਤੇ ਉਨ੍ਹਾਂ ਦੀਆਂ ਕਮਿਊਨਿਟੀਸ ਦਾ ਸਨਮਾਨ ਹੈ। ਕੈਨੇਡਾ ਵਿਚ ਰੈਜ਼ੀਡੈਂਸ਼ਲ ਸਕੂਲ ਸਿਸਟਮ 1831 ਅਤੇ 1996 ਵਿਚਕਾਰ ਚਲਦਾ ਰਿਹਾ ਹੈ। ਇਹ ਸਿਸਟਮ ਮੂਲਵਾਸੀ ਲੋਕਾਂ ਨੂੰ ਉਨ੍ਹਾਂ ਦੇ ਸਭਿਆਚਾਰ ਤੇ ਭਾਸ਼ਾ ਤੋਂ ਦੂਰ ਕਰਕੇ ਕੇਵਲ ਕ੍ਰਿਸਚੀਅਨ ਧਰਮ ਤੇ ਅੰਗਰੇਜ਼ੀ ਭਾਸ਼ਾ ਦੇ ਥਾਂ ਲੈਣ ਲਈ ਤਿਆਰ ਕੀਤਾ ਗਿਆ ਸੀ। ਲਗਪਗ 150000 ਮੂਲਵਾਸੀ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਦੂਰ ਕਰਕੇ ਇਨ੍ਹਾਂ ਸਕੂਲਾਂ ਵਿਚ ਭੇਜਿਆ ਗਿਆ ਸੀ ਜਿਥੇ 15000 ਬੱਚਿਆਂ ਦੀ ਮੌਤ ਹੋ ਗਈ। ਕੌਮੀ ਹੌਲੀਡੇ ਦੇ ਬਾਵਜੂਦ ਅਲਬਰਟਾ, ਸਸਕੈਚਵਨ, ਨਿਊ ਬਰੁੰਸਵਿਕ, ਕਿਊਬਕ ਤੇ ਓਨਟਾਰੀਓ ਸਮੇਤ ਕਈ ਸੂਬਿਆਂ ਨੇ ਇਸ ਨੂੰ ਮਾਨਤਾ ਨਹੀਂ ਦਿੱਤੀ ਜਿਸ ਦਾ ਮਤਲਬ ਇਨ੍ਹਾਂ ਸੂਬਿਆਂ ਵਿਚ ਸਕੂਲ ਤੇ ਸੂਬਾ ਸਰਕਾਰ ਦੇ ਦਫ਼ਤਰ ਖੁਲ੍ਹੇ ਰਹਿਣਗੇ।



# 1984 ਦੇ ਸਿੱਖ ਦੰਗਾ ਪੀੜਤਾਂ ਨੂੰ 37 ਸਾਲ ਬਾਅਦ ਵੀ ਪੂਰੀ ਰਾਹਤ ਨਹੀਂ ਮਿਲ ਸਕੀ

ਨਵੀਂ ਦਿੱਲੀ-ਸਿੱਖ ਸਮਾਜ ਸੇਵਾ ਕਮੇਟੀ ਅਤੇ ਗੁਰੂ ਨਾਨਕ ਮਾਰਕੀਟ ਐਸੋਸੀਏਸ਼ਨ ਨੇ ਦਿੱਲੀ ਸਰਕਾਰ ਤੋਂ 1984 ਦੇ ਸਿੱਖ ਦੰਗਾ ਪੀੜਤਾਂ ਅਤੇ ਪਰਵਾਰਾਂ ਲਈ ਸਰਕਾਰ ਦੁਆਰਾ ਜਾਰੀ ਕੀਤੇ ਦਿਸ਼ਾ-ਨਿਰਦੇਸ਼ ਵੱਖ-ਵੱਖ ਰਾਹਤ ਢੰਗਾਂ ਦੇ ਐਲਾਨਾਂ ਨੂੰ ਅਮਲ ਵਿੱਚ ਲਿਆਉਣ ਦੀ ਮੰਗ ਕੀਤੀ ਹੈ। ਦੋਨਾਂ ਸੰਸਥਾਵਾਂ ਨੇ ਦੋਸ਼ ਲਾਇਆ ਹੈ ਕਿ ਦਿੱਲੀ ਸਰਕਾਰ ਵੱਲੋਂ 37 ਸਾਲ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਬਾਰੇ ਇਨ੍ਹਾਂ ਸੰਸਥਾਵਾਂ ਨੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਡੇਨੀਅਲ ਏ ਰਿਚਰਡਜ਼ ਨਾਲ ਬੈਠਕ




ਕਰ ਕੇ ਉਨ੍ਹਾਂ ਨੂੰ ਤੱਥਾਂ ਉੱਤੇ ਆਧਾਰਤ ਇੱਕ ਬਿਨੈ-ਪੱਤਰ ਵੀ ਦਿਤਾ ਹੈ। ਇਸ ਵਿੱਚ ਕਮਿਸ਼ਨ ਨੇ ਸਿੱਖ ਵਿਦਿਆਰਥੀਆਂ ਉੱਤੇਇਮਤਿਹਾਨਾਂ ਦੌਰਾਨ ਕੜਾ ਤੇ ਕਿਰਪਾਨ ਧਾਰਨ ਕਰਨ ਦੀਆਂ ਪਾਬੰਦੀਆਂ ਵਿੱਚ ਉਨ੍ਹਾਂ ਨੂੰ ਰਾਹਤ ਦੇਣ ਲਈ ਨੈਸ਼ਨਲ ਟੈਸਟਿੰਗ ਏਜੰਸੀ ਨੂੰ ਚਿੱਠੀ ਵੀ ਲਿਖੀ ਹੈ। ਦੋਵਾਂ ਸੰਸਥਾਵਾਂ ਨੇ ਆਪਣੀ ਚਿੱਠੀ ਦੀ ਯਾਦ ਦਿਵਾਉਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੇ ਆਰਥਿਕ ਤੌਰ ਉੱਤੇ ਕਮਜ਼ੋਰ ਪੀੜਤ ਪਰਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਵਿੱਚਮਦਦ ਪ੍ਰਦਾਨ ਕਰਨ ਲਈ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ/ਘੱਟ ਗਿਣਤੀ ਦਫਤਰ ਬਣਾਉਣ ਦਾ ਐਲਾਨ ਕੀਤਾ ਸੀ, ਪਰ ਅੱਜ ਤਕ ਬਣੇ ਨਹੀਂ। ਸਮਰੱਥ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਿੱਲੀ ਸਰਕਾਰ ਦੇ ਮੁੱਖ ਸੈਕਟਰੀ ਤੋਂ ਨਵੀਂ ਕਾਰਵਾਈ ਰਿਪੋਰਟ ਦੇਣ ਨੂੰ ਕਿਹਾ ਹੈ। ਇਸ ਦੌਰਾਨ ਐਨ ਸੀ ਐਸ ਦੇ ਪ੍ਰਧਾਨ ਡੇਨੀਅਲ ਏ ਰਿਚਰਡਜ਼ ਨੇ ਰਾਸ਼ਟਰੀ ਪੱਧਰ 'ਤੇ ਇਮਤਿਹਾਨਾਂਬਾਰੇ ਏਜੰਸੀ ਦੇ ਪ੍ਰਧਾਨ ਪ੍ਰੋ। ਐਮ ਐਸ ਅਨੰਤ ਨੂੰ ਪੱਤਰ ਲਿਖ ਕੇ ਸਿੱਖ ਭਾਈਚਾਰੇ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਮਤਿਹਾਨਾਂ ਮੌਕੇ ਉਨ੍ਹਾਂ ਦੇ ਧਾਰਮਿਕ ਪ੍ਰਤੀਕਾਂ ਕੜਾ ਜਾ ਕਿਰਪਾਨ ਦੀਆਂਪਾਬੰਦੀਆਂ ਬਾਰੇ ਮੁੜ ਵਿਚਾਰ ਲਈ ਕਿਹਾ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



## ਸਿੱਧੂ ਨੇ ਡੀ.ਜੀ.ਪੀ. ਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਉਪਰ ਖੜੇ ਕੀਤੇ ਸਵਾਲ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇਣ ਤੋਂ ਇਕ ਦਿਨ ਬਾਅਦ ਆਪਣੀ ਚੁੱਪ ਤੋੜਦਿਆਂ ਨਵੋਤ ਸਿੰਘ ਸਿੱਧੂ ਨੇ ਪੰਜਾਬ ਦੇ ਨਵੇਂ ਡੀਜੀਪੀ ਤੇ ਐਡਵੋਕੇਟ ਜਨਰਲ ਦੀਆਂ ਨਿਯੁਕਤੀਆਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਸਿਧਾਂਤਾਂ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਰਾਜ ਵਿੱਚ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨਿਆਂ ਪਹਿਲਾਂ ਕਾਂਗਰਸ ਨੂੰ ਨਵੇਂ ਸੰਕਟ ਵਿੱਚ ਘੇਰਦਿਆਂ ਸ੍ਰੀ ਸਿੱਧੂ ਨੇ ਚਰਨਜੀਤ ਸਿੰਘ ਚੰਨੀ ਕੈਬਨਿਟ ਦੇ ਨਵੇਂ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਤੋਂ ਤੁਰੰਤ ਬਾਅਦ ਮੰਗਲਵਾਰ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਟਵਿੱਟਰ ਤੇ ਆਪਣੀ ਗੱਲ ਰੱਖਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਹਮੇਸ਼ਾਂ ਲੋਕਾਂ ਦੇ ਜੀਵਨ ਵਿੱਚ ਸੁਧਾਰ ਲਿਆਉਣਾ ਰਿਹਾ ਹੈ। ਉਨ੍ਹਾਂ ਦੀ ਲੜਾਈ ਪੰਜਾਬ ਦੇ ਮੁੱਦਿਆਂ ਅਤੇ ਏਜੰਡੇ ਲਈ ਹੈ। ਚਾਰ ਮਿੰਟ ਤੋਂ ਵੱਧ ਦੀ ਵੀਡੀਓ ਕਲਿੱਪ ਵਿੱਚ ਸਪੱਸ਼ਟ ਤੌਰ ' ਤੇ ਸੀਨੀਅਰ ਆਈਪੀਐੱਸ ਅਧਿਕਾਰੀ ਇਕਬਾਲ ਪ੍ਰੀਤ ਸਿੰਘ ਸਹੋਤਾ, ਜਿਨ੍ਹਾਂ ਨੂੰ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਦਾ ਵਾਧੂ ਚਾਰਜ ਦਿੱਤਾ ਗਿਆ ਹੈ, ਦਾ ਜ਼ਿਕਰ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ, 'ਜਦੋਂ ਮੈਂ ਉਨ੍ਹਾਂ ਲੋਕਾਂ ਨੂੰ ਵੇਖਦਾ ਹਾਂ ਜਿਨ੍ਹਾਂ ਨੇ ਛੇ ਸਾਲ ਪਹਿਲਾਂ ਬਾਦਲਾਂ ਨੂੰ ਕਲੀਨ ਚਿੱਟ ਦਿੱਤੀ ਸੀ, ਅਜਿਹੇ ਵਿਅਕਤੀਆਂ ਨੂੰ ਨਿਆਂ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸ੍ਰੀ ਸਹੋਤਾ 2015 ਵਿੱਚ ਤਤਕਾਲੀ ਅਕਾਲੀ ਸਰਕਾਰ ਦੁਆਰਾ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਸਨ। ਸ੍ਰੀ ਸਿੱਧੂ ਨੇ ਸਪੱਸ਼ਟ ਤੌਰ 'ਤੇ ਏਪੀਐੱਸ ਦਿਓਲ ਦੀ ਰਾਜ ਦੇ ਨਵੇਂ ਐਡਵੋਕੇਟ ਜਨਰਲ ਵਜੋਂ ਨਿਯੁਕਤੀ 'ਤੇ ਵੀ ਸਵਾਲ ਉਠਾਏ ਹਨ। ਦਿਓਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਹਨ ਅਤੇ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੇ ਵਕੀਲ ਰਹੇ ਹਨ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## ਅਲਬਰਟਾ ਵਿਚ ਕੋਵਿਡ-19 ਨਾਲ 34 ਮੌਤਾਂ-1682 ਨਵੇਂ ਮਾਮਲੇ ਦਰਜ

ਐਡਮਿੰਟਨ-ਕੋਵਿਡ-19 ਨਾਲ 34 ਹੋਰ ਅਲਬਰਟਾ ਵਾਸੀਆਂ ਦੀ ਮੌਤ ਹੋ ਗਈ ਜਦਕਿ 1682 ਨਵੇਂ ਮਾਮਲੇ ਦਰਜ ਕੀਤੇ ਗਏ ਹਨ ਅਤੇ ਆਈਸੀਯੂ ਯੂਨਿਟਾਂ ਵਿਚ ਦਾਖਲ ਕੀਤੇ ਮਰੀਜ਼ਾਂ ਦਾ ਨਵਾਂ ਰਿਕਾਰਡ ਕਾਇਮ ਹੋ ਗਿਆ ਹੈ। 40 ਦੇ ਦਹਾਕੇ ਤੋਂ ਲੈ ਕੇ 80 ਦੇ ਦਹਾਕੇ ਦੇ 34 ਮਰੀਜ਼ਾਂ ਦੇ ਮੌਤ 7 ਵੱਖ ਵੱਖ ਦਿਨਾਂ ਵਿਚ ਹੋਈ ਜਿਸ ਨਾਲ ਸੂਬੇ ਵਿਚ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 2697 ਹੋ ਗਈ ਹੈ। ਹੁਣ ਮਹਾਂਮਾਰੀ ਦੇ ਆਈਸੀਯੂ ਵਿਚ 268 ਮਰੀਜ਼ ਹਨ। ਸੂਬੇ ਵਿਚਐਕਟਿਵ ਮਾਮਲਿਆਂ ਦੀ ਗਿਣਤੀ ਲਗਪਗ 20306 ਹੈ ਜਾਂ ਇਹ ਉਥੇ ਹੈ ਜਿਥੇ ਅਪ੍ਰੈਲ ਦੇ ਅਖੀਰ ਵਿਚ ਸੀ। 83.4 ਫ਼ੀਸਦੀ ਯੋਗ ਅਲਬਰਟਾ ਵਾਸੀ ਟੀਕੇ ਦੀ ਆਪਣੀ ਪਹਿਲੀ ਖੁਰਾਕ ਅਤੇ 74.2 ਫ਼ੀਸਦੀ ਦੋਵੇਂ ਖੁਰਾਕਾਂ ਲੈ ਚੁੱਕੇ ਹਨ। ਬਿਮਾਰ ਹੋਣ ਵਾਲੇ ਵਿਅਕਤੀਆਂ, ਐਕਟਿਵ ਮਾਮਲਿਆਂ, ਹਸਪਤਾਲ ਵਿਚ ਦਾਖਲ ਹੋਣ ਅਤੇ ਮਰਨ ਵਾਲੇ ਵਿਅਕਤੀਆਂ ਵਿਚ ਉਹ ਲੋਕ ਜ਼ਿਆਦਾ ਹਨ ਜਿਨ੍ਹਾਂ ਨੇ ਟੀਕੇ ਦੀ ਅਜੇ ਕੋਈ ਖੁਰਾਕ ਨਹੀਂ ਲਈ। ਪਿਛਲੇ 120 ਦਿਨਾਂ ਵਿਚ ਆਈਸੀਯੂ ਵਿਚ ਦਾਖਲ ਹੋਣ 88 ਫ਼ੀਸਦੀ ਅਤੇ ਕੋਵਿਡ-19 ਨਾਲ ਮਰਨ ਵਾਲੇ 66 ਫ਼ੀਸਦੀ ਉਹ ਲੋਕ ਹਨ ਜਿਨ੍ਹਾਂ ਨੇ ਟੀਕਾ ਨਹੀਂ ਲਗਵਾਇਆ।

## ਵਿੰਨੀਪੈਗ ਵਿਚ ਗਰਮੀ ਦਾ 124 ਸਾਲ ਪੁਰਾਣਾ ਰਿਕਾਰਡ ਟੁੱਟਾ

ਵਿੰਨੀਪੈਗ-ਦੱਖਣੀ ਮਨੀਟੋਬਾ ਵਿਚ ਮੰਗਲਵਾਰ ਇੰਨੀ ਜ਼ਿਆਦਾ ਗਰਮੀ ਸੀ ਕਿ ਉਸ ਨੇ ਸੂਬੇ ਦੀਆਂ 16 ਕਮਿਊਨਿਟੀਸ ਵਿਚ ਗਰਮ ਮੌਸਮ ਦਾ ਰਿਕਾਰਡ ਤੋੜ ਦਿੱਤਾ ਹੈ। ਇਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ਼ (ਈਸੀਸੀਸੀ) ਨੇ ਦੱਸਿਆ ਕਿ ਗਰਮ ਹਵਾ ਦੇ ਪੁੰਜ ਕਾਰਨ ਵਿਨੀਪੈਗ ਸਮੇਤ ਕਈ ਥਾਵਾਂ 'ਤੇ 28 ਸਤੰਬਰ ਦਾ ਦਿਨ ਸਭ ਤੋਂ ਜ਼ਿਆਦਾ ਤਪਿਆ ਜਿਸ ਨੇ ਗਰਮੀ ਦੇ ਮੌਸਮ ਦਾ 124 ਸਾਲ ਦਾ ਰਿਕਾਰਡ ਤੋੜ ਦਿੱਤਾ। ਵਿਨੀਪੈਗ ਵਿਚ 29.5 ਡਿਗਰੀ ਸੈਲਸੀਅਸ ਨਾਲ ਗਰਮ ਮੌਸਮ ਦਾ 124 ਸਾਲ ਦਾ ਪੁਰਾਣਾ ਰਿਕਾਰਡ ਟੁੱਟ ਗਿਆ। ਸ਼ਹਿਰ ਦਾ ਪੁਰਾਣਾ ਰਿਕਾਰਡ 1897 ਵਿਚ 28.9 ਡਿਗਰੀ ਸੈਲਸੀਅਸ ਤਾਪਮਾਨ ਨਾਲ ਕਾਇਮ ਹੋਇਆ ਸੀ।

## ਸੈਂਕੜੇ ਡਰਾਈਵਰਾਂ ਨੂੰ ਜ਼ਿਆਦਾ ਰ.ਫਤਾਰ ਤੇ ਸ਼ੋਰ ਲਈ ਜ਼ੁਰਮਾਨਾ

ਐਡਮਿੰਟਨ-ਇਸ ਸਾਲ ਦੇ ਟਰੈਫਿਕ ਇਨਫੋਰਸਮੈਂਟ ਨੋਇਜ਼/ਸਪੀਡ ਆਫੈਂਸ ਰਿਡਕਸ਼ਨ ਪ੍ਰਾਜੈਕਟ ਦੌਰਾਨ ਐਡਮਿੰਟਨ ਪੁਲਿਸ ਸਰਵਿਸ ਨੇ ਰਫਤਾਰ ਤੇ ਨੋਇਜ਼ ਲਈ 1800 ਤੋਂ ਵੀ ਵੱਧ ਟਿਕਟਾਂ ਦਿੱਤੀਆਂ। ਇਸ ਦੀ ਤੁਲਨਾ 2020 ਵਿਚ 1200 ਜ਼ੁਰਮਾਨਿਆਂ ਨਾਲ ਕੀਤੀ ਗਈ ਜਦੋਂ 11 ਪ੍ਰਾਜੈਕਟ ਟੇਨਸਰ ਸਪਰਿੰਗ ਤੇ ਗਰਮੀਆਂ ਦੇ ਮਹੀਨਿਆਂ ਵਿਚ ਤਾਇਨਾਤੀਆਂ ਕੀਤੀਆਂ ਗਈਆਂ ਸਨ। ਈਪੀਐਸ ਟਰੈਫਿਕ ਸੇਫਟੀ ਯੂਨਿਟ ਦੇ ਕੰਸਟੇਬਲ ਕਲਿੰਟ ਸਟਾਲਨੇਚਟ ਨੇ ਇਕ ਰਿਲੀਜ਼ ਚਿ ਕਿਹਾ ਕਿ ਟਰੈਫਿਕ ਮੁੱਦਿਆਂ ਵਿਸ਼ੇਸ਼ ਕਰਕੇ ਨੋਇਜ਼ ਤੇ ਤੇਜ਼ ਰਫਤਾਰ ਬਾਰੇ ਆਮ ਲੋਕਾਂ ਤੋਂ ਸਾਡੇ ਸੈਕਸ਼ਨ ਨੂੰ ਲਗਾਤਾਰ ਕਾਫੀ ਸ਼ਿਕਾਇਤਾਂ ਮਿਲ ਰਹੀਆਂ ਹਨ। ਅਸੀਂ ਯਕੀਨਨ ਇਨ੍ਹਾਂ ਮੁੱਦਿਆਂ ਨਾਲ ਜਨਤਾ ਨੂੰ ਹੁੰਦੀ ਨਿਰਾਸ਼ਾ ਨੂੰ ਸਮਝਦੇ ਹਾਂ।

## ਸਾਊਥਸੈਂਟਰ ਮਾਲ ਵਿਖੇ ਕਰੰਟ ਲੱਗਣ ਨਾਲ ਵਿਅਕਤੀ ਦੀ ਮੌਤ

ਕੈਲਗਰੀ-ਸਾਊਥਸੈਂਟਰ ਮਾਲ ਵਿਖੇ ਇਕ ਵਿਅਕਤੀ ਦੀ ਬਿਜਲੀ ਦਾ ਕਰੰਟ ਲੱਗਣ ਨਾਲ ਮੌਤ ਹੋ ਗਈ। ਨੌਰਥ ਐਂਟਰੈਂਸ ਨੇੜੇ ਘਟਨਾ ਵਾਪਰਨ ਸਮੇਂ ਦੁਪਹਿਰ 12.30 ਐਮਰਜੈਂਸੀ ਅਮਲੇ ਨੂੰ ਬੁਲਾਇਆ ਗਿਆ। ਕੈਲਗਰੀ ਫਾਇਰ ਵਿਭਾਗ ਨੇ ਦੱਸਿਆ ਕਿ ਮਰਨ ਵਾਲਾ ਵਿਅਕਤੀ ਉਸ ਸਮੇਂ ਬਿਜਲੀ ਵਾਲੇ ਕਮਰੇ ਵਿਚ ਸੀ। ਈਐਮਐਸ ਨੇ ਕਿਹਾ ਕਿ ਜਦੋਂ ਉਹ ਮੌਕੇ 'ਤੇ ਪੁੱਜੇ ਤਾਂ ਵਿਅਕਤੀ ਹਿਲਜੁਲ ਨਹੀਂ ਸੀ ਰਿਹਾ। ਉਸ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਮਰਨ ਵਾਲਾ ਵਿਅਕਤੀ ਕਿਸੇ ਠੇਕੇਦਾਰ ਦਾ ਮੁਲਾਜ਼ਮ ਸੀ।

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



# ਜਦੋਂ ਪਤੀ-ਪਤਨੀ ਚੁੱਪ ਹੋਣ




ਅਕਸਰ ਹਾਸੇ-ਹਾਸੇ 'ਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਬੋਲਦਾ ਹੈ ਤੇ ਲੜਕੀ ਸੁਣਦੀ ਹੈ। ਵਿਆਹ ਤੋਂ ਬਾਅਦ ਪਤਨੀ ਬੋਲਦੀ ਹੈ ਤੇ ਪਤੀ ਸੁਣਦਾ ਹੈ। ਕੁਝ ਸਮੇਂ ਬਾਅਦ ਦੋਵੇਂ ਬੋਲਦੇ ਹਨ ਤੇ ਦੁਨੀਆਂ ਸੁਣਦੀ ਹੈ। ਆਮ ਤੌਰ 'ਤੇ ਸਮਾਂ ਬੀਤਣ ਨਾਲ ਪਤੀ-ਪਤਨੀ ਵਿਚਕਾਰ ਗੱਲਬਾਤ ਦਾ ਸਿਲਸਿਲਾ ਘਟਦਾ ਜਾਂਦਾ ਹੈ। ਪਤੀ ਆਪਣੀਆਂ ਜ਼ਿੰਮੇਵਾਰੀਆਂ 'ਚ ਰੁੱਝ ਜਾਂਦਾ ਹੈ। ਪਤਨੀ ਦੇ ਘਰੇਲੂ ਰੁਝੇਵੇਂ ਹੁੰਦੇ ਹਨ। ਵਿਆਹ ਦੇ ਮੁੱਢਲੇ ਦਿਨਾਂ 'ਚ ਤਾਂ ਉਛਲਦੀ ਜਵਾਨੀ ਦੀ ਚੁੰਬਕੀ ਖਿੱਚ, ਰੁਮਾਂਸ ਅਤੇ ਅਮੋੜ ਖਾਹਿਸ਼ਾਂ ਇਕ ਦੂਜੇ ਨੂੰ ਨੇੜੇ ਕਰੀ ਰੱਖਦੀਆਂ ਹਨ। ਫਿਰ ਜਦੋਂ ਇਨ੍ਹਾਂ ਰੰਗਲੇ ਸੁਪਨਿਆਂ ਦੀ ਹਕੀਕਤ ਦਾ ਜਾਦੂ ਟੁੱਟਦਾ ਹੈ, ਘਰੇਲੂ ਜ਼ਿੰਮੇਵਾਰੀਆਂ ਵਧਦੀਆਂ ਹਨ, ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਆਪਸੀ ਪਿਆਰ ਅਤੇ ਬੋਲਚਾਲ ਦਾ ਸਿਲਸਿਲਾ ਕੁਦਰਤੀ ਤੌਰ 'ਤੇ ਘੱਟ ਹੋ ਜਾਂਦਾ ਹੈ। ਕਈ ਵਾਰ ਥੋੜ੍ਹੇ ਬਹੁਤ ਮਨ-ਮੁਟਾਵ ਦੇ ਹੁੰਦਿਆਂ ਆਪਸੀ ਬੋਲਚਾਲ ਬੰਦ ਵੀ ਹੋ ਜਾਂਦੀ ਹੈ। ਦਿਲ ਦੀ ਗੱਲ ਦਿਲ ਵਿੱਚ ਹੀ ਰੱਖ ਲੈਣ ਅਤੇ ਅੰਤਰਮੁਖੀ ਹੋ ਜਾਣ ਨਾਲ ਦੋਵੇਂ ਜੀਅ ਆਪਣੇ ਅੰਦਰ ਘੁਟਣ ਜਿਹੀ ਮਹਿਸੂਸ ਕਰਨ ਲੱਗਦੇ ਹਨ ਜੋ ਬਹੁਤ ਨੁਕਸਾਨਦਾਇਕ ਹੈ। ਦੋਵੇਂ ਜੀਅ ਹੁਣ ਤਕ ਵੱਖੋ-ਵੱਖਰੇ ਮਾਹੌਲ 'ਚ ਪਲੇ ਹੁੰਦੇ ਹਨ। ਸਿੱਖਿਆ, ਸੰਸਕਾਰ ਅਤੇ ਸੋਚ ਵਿਚਾਰ ਦਾ ਢੰਗ ਵੱਖਰਾ ਹੁੰਦਾ ਹੈ। ਦੋਹਾਂ ਜੀਆਂ ਦੀ ਆਪਣੀ ਵੱਖਰੀ ਹੈਸੀਅਤ ਅਤੇ ਰੁਤਬਾ ਰਿਹਾ ਹੁੰਦਾ ਹੈ। ਗ੍ਰਿਹਸਥੀ ਜ਼ਿੰਦਗੀ 'ਚ ਦੋਵੇਂ ਹੀ ਇੱਕ ਦੂਸਰੇ ਨੂੰ ਆਪਣੀ ਸੋਚ ਅਨੁਸਾਰ ਢਾਲਣਾ ਚਾਹੁੰਦੇ ਹਨ, ਪਰ ਜਿਸ ਤਰ੍ਹਾਂ ਪੱਕਾ ਭਾਂਡਾ ਬਿਨਾਂ ਤੋੜਿਆਂ ਕਿਸੇ ਹੋਰ ਸਾਂਚੇ 'ਚ ਨਹੀਂ ਢਾਲਿਆ ਜਾ ਸਕਦਾ, ਇਹੀ ਹਾਲ ਆਦਮੀ ਦਾ ਹੈ। ਸਾਥੀ ਨੂੰ ਬਦਲਣ ਵਿੱਚ ਸਫ਼ਲਤਾ ਨਹੀਂ ਮਿਲਦੀ, ਆਪ ਬਦਲ ਨਹੀਂ ਸਕਦਾ। ਫਿਰ ਇੱਕ ਦੂਜੇ ਉੱਤੇ ਦਬਾਅ ਪਾਇਆ ਜਾਂਦਾ ਹੈ ਤਾਂ ਕਲੇਸ਼ ਵੱਧਦਾ ਹੈ ਜਾਂ ਫਿਰ ਚੁੱਪ ਰਹਿਣ 'ਚ ਭਲਾ ਸਮਝਿਆ ਜਾਂਦਾ ਹੈ। ਇਸ ਗਰਮਾਹਟ ਭਰੇ ਅਟੁੱਟ ਰਿਸ਼ਤੇ 'ਚ ਜ਼ਿਆਦਾ ਚੁੱਪ ਰਹਿਣਾ ਅਤੇ ਗੱਲਬਾਤ ਬੰਦ ਕਰਨਾ ਵੀ ਰੜਕਣ ਲੱਗ ਪੈਂਦਾ ਹੈ। ਪਰਸਪਰ ਦੂਰੀਆਂ ਵਧ ਜਾਂਦੀਆਂ ਹਨ। ਦੋਹਾਂ ਜੀਆਂ ਨੂੰ ਚਾਹੀਦਾ ਹੈ ਕਿ ਇਕ ਦੂਸਰੇ ਦੀਆਂ ਜ਼ਰੂਰਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਇਕ ਦੂਜੇ ਦੀਆਂ ਇੱਛਾਵਾਂ ਨੂੰ ਮਹਿਸੂਸ ਕਰਕੇ ਪੂਰੀਆਂ ਕਰਨ ਦੇ ਯਤਨ ਕੀਤੇ ਜਾਣ। ਦੋਹਾਂ ਨੂੰ ਚਾਹੀਦਾ ਹੈ ਕਿ ਇਕ ਦੂਜੇ ਨੂੰ ਬੁਲਾਉਣ ਦੇ ਮੌਕੇ ਲੱਭਣ। ਅਜਿਹੇ ਮੌਕੇ ਹੁੰਦੇ ਹਨ ਜਦੋਂ ਜਾਣਬੁੱਝ ਕੇ ਕੁਝ ਪੁੱਛ ਲਿਆ ਜਾਵੇ। ਜੇਕਰ ਪਤੀ ਅਖ਼ਬਾਰ ਪੜ੍ਹ ਰਿਹਾ ਹੈ ਤਾਂ ਪਤਨੀ ਪੁੱਛ ਲਵੇ, "ਕੀ ਕਰ ਰਹੇ ਓ'..? ਤਾਂ ਇਸ ਦਾ ਸਿੱਧਾ ਮਤਲਬ ਹੁੰਦਾ ਹੈ 'ਮੈਨੂੰ ਬੁਲਾਓ ਜੀ..ਮੈਂ ਗੱਲ ਕਰਨਾ ਚਾਹੁੰਦੀ ਹਾਂ..ਪਰ ਜੇਕਰ ਅੱਗੋਂ ਜੁਆਬ ਮਿਲਦਾ ਹੈ ਦਿਸਦਾ ਨਹੀਂ.. ..'। ਇਸੇ ਤਰ੍ਹਾਂ ਜੇ ਪਤਨੀ ਸਬਜ਼ੀ ਕੱਟ ਰਹੀ ਹੈ ਤੇ ਪਤੀ ਪੁੱਛ ਲਵੇ: " ਕੀ ਬਣ ਰਿਹੈ..। "ਤੇ ਅੱਗੋਂ ਜੁਆਬ ਮਿਲੇਗਾ ਪਤਾ ਨਹੀਂ..।" ਤਾਂ ਸਮਝੋ ਅੱਗੇ ਤੋਂ ਗੱਲਬਾਤ ਦਾ ਸਿਲਸਿਲਾ ਬੰਦ। ਪਤੀ-ਪਤਨੀ ਨੂੰ ਸਮਝਣਾ ਚਾਹੀਦਾ ਹੈ ਕਿ ਇਹੀ ਤਾਂ ਗੱਲਬਾਤ ਕਰਨ, ਨੇੜੇ ਆਉਣ ਅਤੇ ਰੋਸੇ ਦੂਰ ਕਰਨ ਦਾ ਸ਼ੁਰੂਆਤੀ ਮੌਕਾ ਹੁੰਦਾ ਹੈ। ਅਜਿਹੇ ਸੁੰਦਰ ਮੌਕੇ ਹੱਥੋਂ ਨਹੀਂ ਜਾਣ ਦੇਣੇ ਚਾਹੀਦੇ। ਵਿਆਹ ਤੋਂ ਪਹਿਲਾਂ ਇਕੱਠੇ ਪੜ੍ਹਦਿਆਂ ਤਾਂ ਰੁਮਾਂਸ ਦੀਆਂ ਗੱਲਾਂ, ਮੁੰਡੇ-ਕੁੜੀਆਂ ਦੀਆਂ ਗੱਲਾਂ, ਖੇਡ ਕੁੱਦ ਅਤੇ ਹੋਰ ਅਨੇਕਾਂ ਵਿਸ਼ਿਆਂ ਉੱਤੇ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਪਰ ਵਿਆਹ ਤੋਂ ਬਾਅਦ ਇਹ ਸਭ ਬੰਦ ਹੋ ਜਾਂਦੀਆਂ ਹਨ। ਪਤਨੀ ਦੂਸਰੇ ਆਦਮੀ ਬਾਰੇ ਗੱਲ ਕਰਨ ਤੋਂ ਝਿਜਕਦੀ ਹੈ। ਇਹ ਹਾਲ ਪਤੀ ਦਾ ਵੀ ਹੈ। ਇਹ ਇੱਕ ਈਰਖਾ ਦਾ ਵਿਸ਼ਾ ਬਣ ਜਾਂਦਾ ਹੈ। ਪਹਿਲਾਂ ਵਾਲੀ ਸਹਿਜਤਾ ਖ਼ਤਮ ਹੋ ਜਾਂਦੀ ਹੈ। ਇਕ ਤਾਨਾਸ਼ਾਹੀ ਰਵੱਈਆ, ਦੂਜਾ ਇਕ ਦੂਜੇ ਨੂੰ ਤੁੱਛ ਜਿਹਾ ਅਤੇ ਬੇਵਕੂਫ਼ ਸਮਝਣ ਦੀ ਭਾਵਨਾ, ਤੀਜਾ ਇਕ ਦੂਜੇ ਦੇ ਕੰਮ ਨੂੰ ਮਹੱਤਵਹੀਣ ਸਮਝ ਕੇ ਦੁਰ-ਵਿਵਹਾਰ ਕਰਨਾ ਇਹ ਸਭ ਪਤੀ-ਪਤਨੀ ਦੇ ਕਾਮ ਸਬੰਧਾਂ ਉੱਤੇ ਮਾੜਾ ਅਸਰ ਪਾਉਂਦੇ ਹਨ। ਕਈ ਵਾਰ ਪਤਨੀ ਪਤੀ ਨੂੰ ਮਤਲਬੀ ਸਮਝ ਕੇ ਸਰੀਰਕ ਸੁੱਖ ਤੋਂ ਦੂਰ ਰੱਖਦੀ ਹੈ। ਫਲਸਰੂਪ ਮਾਨਸਿਕ ਤਣਾਓ ਵਧ ਜਾਂਦਾ ਹੈ। ਮਨਾਂ ਅੰਦਰ ਗ਼ਲਤ ਫਹਿਮੀਆਂ ਘਰ ਕਰ ਜਾਂਦੀਆਂ ਹਨ। ਬੋਲਚਾਲ ਦਾ ਸਿਲਸਿਲਾ ਚੱਲਦਾ ਰੱਖਣ ਲਈ ਜ਼ਰੂਰੀ ਹੈ ਕਿ ਇੱਕ ਦੂਜੇ ਦੀਆਂ ਰੁਚੀਆਂ ਜਾਣ ਕੇ ਉਸ ਵਿਸ਼ੇ ਉੱਤੇ ਗੱਲ ਕੀਤੀ ਜਾਵੇ। ਇਹ ਸਿਲਸਿਲਾ ਚੱਲਦਾ ਰਹਿੰਦਾ ਹੈ ਤਾਂ ਗ਼ਲਤ ਫਹਿਮੀਆਂ ਪੈਦਾ ਨਹੀਂ ਹੁੰਦੀਆਂ। ਹੁੰਦੀਆਂ ਵੀ ਹਨ ਤਾਂ ਜਲਦੀ ਦੂਰ ਵੀ ਹੋ ਜਾਂਦੀਆਂ ਹਨ। ਲੋੜ ਹੈ ਨਿੱਕੀਆਂ-ਮੋਟੀਆਂ ਰੰਜ਼ਿਸ਼ਾਂ ਭੁਲਾ ਕੇ ਇੱਕ ਦੂਜੇ ਪ੍ਰਤੀ ਸਮਰਪਿਤ ਹੋਣ ਦੀ।

—ਸੰਤੋਖ ਸਿੰਘ ਭਾਣਾ






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

546 ਮਾਤਾ ਕੋਲੇ ਇੱਕ ਹੀ ਖੇਸ ਹੈ ਸੀ, ਅੱਧਾ ਲਿਆ ਹੇਠ ਵਿਛਾ ਦਾਤਾ।
ਦੋਵੇਂ ਪੋਤਰੇ ਪਿਆਰ ਦੇ ਨਾਲ ਉਸਨੇ, ਲਏ ਗੋਦ ਦੇ ਵਿੱਚ ਸੀ ਪਾ ਦਾਤਾ।
ਪੱਗਾਂ ਲਾਹ ਕੇ ਉਤੇ ਲੈ ਲਈਆਂ, ਅੱਧਾ ਖੇਸ ਸੀ ਓੜ ਲਿਆ ਦਾਤਾ।
ਹਰਚੰਦ ਸਿੰਘਾ ਦਾਦੀ ਦੀ ਗੋਦ ਸੁੱਤੇ, ਖੌਰੇ ਕੀਤਾ ਕਿਵੇਂ ਨਿਰਵ੍ਹਾ ਦਾਤਾ॥

### ਮੋਤੀ ਮਹਿਰੇ ਨੂੰ ਪਤਾ ਲੱਗਣਾ ਤੇ ਦੁੱਧ ਛਕਾਉਣਾ

547 ਮੋਤੀ ਮਹਿਰੇ ਨੂੰ ਜਦੋਂ ਸੀ ਖਬਰ ਹੋਈ, ਮਾਤਾ ਗੁਜਰੀ ਅਤੇ ਦੋ ਲਾਲ ਆਏ।
ਇਕ ਬਿਰਧ ਸਰੀਰ ਕਮਜ਼ੋਰ ਵਾਹਲਾ, ਇਕ ਮੂਲੋ ਮਾਸੂਮ ਨੇ ਬਾਲ ਆਏ।
ਠੰਡੇ ਬੁਰਜ ਦੇ ਵਿੱਚ ਨੇ ਬੰਦ ਕੀਤੇ, ਭੁੱਖੇ ਭਾਣੇ ਕੁੱਝ ਨਾ ਨਾਲ ਆਏ।
ਕਿਵੇਂ ਕੱਟਣਗੇ ਰਾਤ ਹਰਚੰਦ ਸਿੰਘਾ, ਉਹ ਤੇ ਪਹਿਲਾਂ ਹੀ ਮੰਦੜੇ ਹਾਲ ਆਏ॥

548 ਘਰ ਵਾਲੀ ਨੂੰ ਕਹਿੰਦਾ ਭਾਗਵਾਨੇ, ਇਹ ਘੜੀ ਪਰਖ ਦੀ ਆਈ ਏ ਜੀ।
ਇੱਕ ਪਾਸੇ ਧਰਮ ਪੁਕਾਰਦਾ ਏ, ਦੂਜੇ ਪਾਸੇ ਖੜਾ ਕਸਾਈ ਏ ਜੀ।
ਇਸ ਜਿੰਦ ਨੇ ਅੰਤ ਨੂੰ ਮੁੱਕ ਜਾਣਾ, ਗੋਡੀ ਮੌਤ ਨੇ ਸਭ ਦੀ ਲਾਈ ਏ ਜੀ।
ਹਰਚੰਦ ਸਿੰਘਾ ਛਕਾਵਾਂ ਦੁੱਧ ਜਾ ਕੇ, ਮੇਰੇ ਮਨ ਨੇ ਇੱਛਾ ਬਣਾਈ ਏ ਜੀ॥

549 ਗੁਰਾਂ ਸਾਡੇ ਗਰੀਬਾਂ ਤੇ ਮਾੜਿਆਂ ਲਈ, ਸਭ ਕੁੱਝ ਆਪਣਾ ਹੈ ਕੁਰਬਾਨ ਕੀਤਾ।
ਜਿਨਾਂ ਮੁੜਦਾ ਮੁੱਲ ਤੇ ਮੋੜ ਦੇਈਏ, ਉਨ੍ਹਾਂ ਸਾਡੇ ਤੇ ਬਹੁਤ ਅਹਿਸਾਨ ਕੀਤਾ।
ਮੌਜਾਂ ਛੱਡ ਮੁਸੀਬਤਾਂ ਖੱਟੀਆਂ ਨੇ, ਪਿਤਾ-ਪੁੱਤਾਂ ਦਾ ਹੱਥੀਂ ਦਾਨ ਕੀਤਾ।
ਭਲੇ ਕੰਮੋਂ ਨਾ ਰੋਕੀਂ ਹਰਚੰਦ ਸਿੰਘਾ, ਉਹੀ ਹੋਣਾ ਏ ਜੋ ਭਗਵਾਨ ਕੀਤਾ॥

550 ਮੋਤੀ ਮਹਿਰਾ ਮਾਸਕੀ ਕੰਮ ਉਸਦਾ, ਪਾਣੀ ਛਿੜਕਦਾ ਤੇ ਬੂਟੇ ਲਾਂਵਦਾ ਜੀ।
ਲਾਏ ਫੁੱਲ ਉਨ੍ਹਾਂ ਦੀ ਕਰੇ ਰਾਖੀ, ਪਾਣੀ ਨਾਲ ਮਸ਼ਕ ਦੇ ਪਾਂਵਦਾ ਜੀ।
ਲੜਾਈ ਵੇਲੇ ਫ਼ੌਜ ਦੇ ਨਾਲ ਜਾਂਦਾ, ਪਾਣੀ ਪਿੜ ਦੇ ਵਿੱਚ ਪਿਲਾਂਵਦਾ ਜੀ।
ਮੋਤੀ ਰੂਹ ਦਾ ਉਹ ਹਰਚੰਦ ਸਿੰਘਾ, ਮਿੱਠਾ ਮੇਵਾ ਮਿੱਠੀ ਜ਼ੁਬਾਨ ਦਾ ਜੀ॥

551 ਕੱਚਾ ਦੁੱਧ ਉਬਾਲ ਕੇ ਜੱਗ ਭਰਿਆ, ਵਿੱਚ ਘਿਉ ਤੇ ਮਿਸ਼ਰੀ ਪਾ ਕੇ ਜੀ।
ਸੱਚੇ ਪਾਤਿਸ਼ਾਹ ਰਾਖੀ ਕਰੀਂ ਮੇਰੀ, ਮੈਂ ਦੁੱਧ ਛਕਾਉਣਾ ਜਾ ਕੇ ਜੀ।
ਪਹਿਰੇਦਾਰ ਨੂੰ ਕਰੀ ਸਲਾਮ ਜਾ ਕੇ, ਸੀਸ ਆਪਣਾ ਉਸ ਝੁਕਾ ਜੀ।
ਹਰਚੰਦ ਸਿੰਘਾ ਸਰਕਾਰ ਦਾ ਹੁਕਮ ਮੈਨੂੰ, ਪਹਿਰੇਦਾਰ ਨੂੰ ਕਿਹਾ ਸੁਣਾ ਕੇ ਜੀ॥

### ਪਹਿਰੇਦਾਰ

552 ਪਹਿਰੇਦਾਰ ਨੇ ਕਿਹਾ ਰੁਕ ਇੱਥੇ, ਕੀ ਕੰਮ ਤੇ ਕੀ ਏ ਨਾਮ ਤੇਰਾ।
ਕਿਸ ਲਈ ਕਿਲ੍ਹੇ ਮੇਂ ਜਾਵਨਾ ਏ, ਉਸ ਪਾਸ ਕੀ ਏ ਕਾਮ ਤੇਰਾ।
ਕੀ ਜਾਤ ਤੇ ਕਿੱਥੇ ਰਹਾਇਸ਼ ਤੇਰੀ, ਕਿਹੜਾ ਸ਼ਹਿਰ, ਮਕਾਨ ਤੇ ਗਾਂਵ ਤੇਰਾ।
ਹਰਚੰਦ ਸਿੰਘਾ ਸਾਨੂੰ ਹੁਕਮ ਹੋਏ, ਹੁਲੀਆ ਲਿਖਣਾ ਅਸੀਂ ਤਮਾਮ ਤੇਰਾ॥

### ਮੋਤੀ ਮਹਿਰਾ

553 ਪਹਿਰੇਦਾਰ ਜੀ ਸਰਕਾਰ ਦਾ ਮੈਂ ਬੰਦਾ, ਇਸ ਕਿਲ੍ਹੇ ਦਾ ਬਾਗਵਾਨ ਮੀਆਂ।
ਤੁਸੀਂ ਨਵੇਂ ਇੱਥੇ ਅੱਜ ਆਏ, ਤਾਂ ਹੀ ਸਕੇ ਨਹੀਂ ਪਛਾਣ ਮੀਆਂ।
ਆਹ ਵੇਖ ਸਰਕਾਰ ਦਾ ਕੋਲ ਬਿੱਲਾ, ਵਿੱਚ ਕਿਲੇ ਦੇ ਆਣ ਤੇ ਜਾਣ ਮੀਆਂ।
ਹਿੰਦੂ ਅਤੇ ਸਿੱਖ ਕੈਦੀਆਂ ਨੂੰ, ਮੋਤੀ ਮਹਿਰਾ ਛਕਾਏ ਅੰਨ-ਪਾਨ ਮੀਆਂ॥

554 ਠੰਡੇ ਬੁਰਜ ਤੇ ਮੋਤੀ ਜਾ ਚੜ੍ਹਿਆ, ਜਾ ਕੇ ਮਾਤਾ ਨੂੰ ਹਾਕਾਂ ਮਾਰਦਾ ਏ।
ਮਾਤਾ ਪੁੱਛਦੀ ਕਿਸ ਨੂੰ ਐਸ ਵੇਲੇ, ਚੇਤਾ ਆਇਆ ਮਾਂ-ਪਿਆਰ ਦਾ ਏ।
ਆਪਣੀ ਕੁੱਖੋਂ ਸੂਰਜ ਨੂੰ ਜਨਣ ਵਾਲੀ, ਹਨੇਰਾ ਢੋਂਦੀ ਸਾਰੇ ਸੰਸਾਰ ਦਾ ਏ।
ਇਕ ਦੀਵਾ ਵੀ ਨਹੀਂ ਨਸੀਬ ਹੋਇਆ, ਇਹ ਹਾਲ ਅੱਜ ਗੁਰੂ ਪਰਿਵਾਰ ਦਾ ਏ॥

### ਮੋਤੀ

555 ਮੋਤੀ ਮਹਿਰਾ ਮੈਨੂੰ ਆਖਦੇ ਨੇ, ਆਇਆ ਆਪ ਨੂੰ ਦੁੱਧ ਛਕਾਉਣ ਮਾਤਾ।
ਆਪ ਪੀਓ ਪਲਾਓ ਪੋਤਿਆਂ ਨੂੰ, ਠਰੀਆਂ ਆਂਦਰਾਂ ਤਾਈਂ ਗਰਮਾਓ ਮਾਤਾ।
ਮੇਰਾ ਪਾਪੀ ਦਾ ਜਨਮ ਵੀ ਸਫਲ ਹੋ ਜੇ, ਆਇਆ ਟਿਕਰੀ ਚਰਨੀਂ ਲਾਉਣ ਮਾਤਾ।
ਕੁੱਝ ਕੱਪੜੇ ਨਾਲ ਮੈਂ ਲੈ ਆਇਆ, ਸੀਤਲ ਵਗਦੀ ਇੱਥੇ ਪੌਣ ਮਾਤਾ॥

556 ਵਿੱਚ ਹਨ੍ਹੇਰੇ ਦੇ ਕਿਸੇ ਕਮਰੇ 'ਚੋਂ, ਖਸਤਾ ਮੰਜੀ ਮੋਤੀ ਲੈ ਆਇਆ ਏ।
ਇਕ ਕਮਰੇ ਦੇ ਕੋਨੇ ਵਿਚ ਉਸਨੇ, ਜ਼ਰਾ ਝਾੜ ਕੇ ਉਸਨੂੰ ਡਾਹਿਆ ਏ।
ਖੇਸ ਝਾੜ ਵਿਛਾਇਆ ਉਸ ਉਤੇ, ਫਿਰ ਮਾਤਾ ਨੂੰ ਉਤੇ ਬਹਾਇਆ ਏ।
ਹਰਚੰਦ ਸਿੰਘਾ ਦਾਦੀ ਨੇ ਪੋਤਿਆਂ ਨੂੰ, ਝੱਟ ਗੋਦ ਦੇ ਵਿੱਚ ਬਹਾਇਆ ਏ॥

557 ਮੋਤੀ ਮਹਿਰਾ ਫਰਸ਼ ਦੇ ਬੈਠ ਉਤੇ, ਦੁੱਧ ਭਾਂਡਿਆਂ ਵਿਚ ਸੀ ਪਾਉਣ ਲੱਗਾ।
ਲਓ ਹੀਰਿਓ ਪੀਓ ਦੁੱਧ ਮਿੱਠਾ, ਪਾ ਕੇ ਬੱਚਿਆਂ ਤਾਈਂ ਫੜਾਉਣ ਲੱਗਾ।
ਬੜੇ ਚਿਰਾਂ ਤੋਂ ਆਂਦਰਾਂ ਚੂੰਡਦੀ ਸੀ, ਭੁੱਖ ਪੇਟ ਦੀ ਉਹੋ ਮਿਟਾਉਣ ਲੱਗਾ।
ਸਵੇਰੇ ਆਊਂਗਾ ਲੈ ਕੇ ਅੰਨ-ਪਾਣੀ, ਕਹਿ ਮਾਤਾ ਨੂੰ ਘਰ ਨੂੰ ਜਾਂਵਦਾ ਏ॥

### ਬਾਬਾ ਜ਼ੋਰਾਵਰ ਸਿੰਘ ਜੀ

558 ਜ਼ੋਰਾਵਰ ਸਿੰਘ ਦਾਦੀ ਨੂੰ ਪੁੱਛਦਾ ਏ, ਇਹ ਕੌਣ ਜੋ ਦੁੱਧ ਪਲਾਏ ਗਿਆ।
ਦੁੱਧ ਪੀ ਕੇ ਨਾਲੇ ਡਕਾਰ ਆਇਆ, ਨਾਲੇ ਮੈਨੂੰ ਅਨੰਦ ਹੈ ਆਏ ਗਿਆ।
ਫਤਹਿ ਸਿੰਘ ਜੀ ਕਹਿੰਦੇ ਮੌਜ ਹੋ ਗਈ, ਮੰਜੀ ਭਾਲ ਕੇ ਦਰੀ ਵਿਛਾਏ ਗਿਆ।
ਹਰਚੰਦ ਸਿੰਘਾ ਮਾਤਾ ਜੀ ਕਹਿਣ ਲੱਗੇ, ਸਿੱਖ ਗੁਰੂ ਦਾ ਫ਼ਰਜ਼ ਨਿਭਾਏ ਗਿਆ॥

559 ਲਾਲ ਸੂਰਜ ਤੇ ਕਾਲਾ ਦਿਨ ਚੜ੍ਹਿਆ, ਮੋਤੀ ਮਹਿਰਾ ਤੱਕੀ ਦੇ ਨਾਲ ਆਇਆ।
ਤੱਤੇ ਪਾਣੀ ਦੀ ਬਾਲਟੀ ਹੱਥ ਚੱਕੀ, ਭੋਜਨ ਦੁੱਧ ਵੀ ਨਾਲ ਸੰਭਾਲ ਆਇਆ।
ਪੰਜ ਇਸਨਾਨੇ ਕਰਵਾ ਸਾਹਿਬਜ਼ਾਦਿਆਂ ਦੇ, ਫਰਜ ਬਣਦਾ ਛੇਤੀ ਉਹ ਪਾਲ ਆਇਆ।
ਜਲਾਲ ਵੇਖ ਕੇ ਸੁਹਣੀਆਂ ਸੂਰਤਾਂ ਦਾ, ਮੋਤੀ ਕਿਲੇ 'ਚੋਂ ਹੋ ਕੇ ਨਿਹਾਲ ਆਇਆ॥

### ਵਜ਼ੀਰ ਖ਼ਾਂ ਨੇ ਅਹਿਲਕਾਰ ਸੱਦਣੇ

560 ਖੁਸ਼ੀ ਹੋਈ ਨਵਾਬ ਨੂੰ ਖਬਰ ਸੁਣ ਕੇ, ਨੇੜੇ ਦੂਰ ਤੋਂ ਅਹਿਲਕਾਰ ਸੱਦੇ।
ਵਜ਼ੀਰ ਖਾਂ ਸੂਬਾ ਸਰਹਿੰਦ ਵਾਲੇ, ਮੀਏ-ਮੌਲਵੀ ਆਪਣੇ ਯਾਰ ਸੱਦੇ।
ਖਬਰ ਸੁਣਦੇ 'ਸਭਾ ਸਥਾਨ' ਪਹੁੰਚੋ, ਕਰਕੇ ਸਾਰੇ ਖਬਰਦਾਰ ਸੱਦੇ।
ਗੰਭੀਰ ਮਸਲੇ ਉਤੇ ਵਿਚਾਰ ਕਰਨੀ, ਹਰ ਵਰਗ ਦੇ ਸਿੱਪਾ-ਸਲਾਰ ਸੱਦੇ॥

### ਵਜ਼ੀਰ ਖਾਂ ਨੇ ਕਚਹਿਰੀ ਲਾਉਣੀ

561 ਕਚਹਿਰੀ ਵਿਚ ਸੀ ਥਾਵਾਂ ਮੱਲ ਬੈਠੇ, ਉਸ ਸਮੇਂ ਦੇ ਅਹਿਲਕਾਰ ਦਾਤਾ।
ਉੱਚਾ ਸਿੰਘਾਸਨ ਵਜ਼ੀਰ ਖਾਂ ਮੱਲਿਆ ਏ, ਜੋ ਸਰਹਿੰਦ ਦਾ ਏ ਸੂਬੇਦਾਰ ਦਾਤਾ।
ਹੁਕਮ ਕੀਤਾ ਲਿਆਓ ਬੱਚਿਆਂ ਨੂੰ, ਭੇਜੇ ਉਸਨੇ ਪਹਿਰੇਦਾਰ ਦਾਤਾ।
ਹਰਚੰਦ ਸਿੰਘਾ ਬਹਿਕੇ ਕਰਨ ਲੱਗੇ, ਕਪਟੀ ਮਜਹਬੀ ਸਭ ਵਿਚਾਰ ਦਾਤਾ॥

### ਕਵੀਓ ਵਾਚ

562 ਮੂੰਹ ਧੋ ਕੇ ਦਾਦੀ ਨੇ ਪੋਤਿਆਂ ਦੇ, ਲੈ ਕੰਘਾ ਕੇਸ ਸੀ ਵਾਹ ਦਿੱਤੇ।
ਜੂੜੇ ਕਰ ਰੁਮਾਲਾਂ ਪਾਈਆਂ ਨੇ, ਦਸਤਾਰ ਸਿਰਾਂ ਦੇ ਉਤੇ ਸਜਾ ਦਿੱਤੇ।
ਕੁੜਤੇ ਪਾਏ ਨਾਲ ਪੰਜਾਮੀਆਂ ਦੇ, ਗਲ਼ ਸਿਰੀ ਸਾਹਿਬ ਵੀ ਪਾ ਦਿੱਤੇ।
ਹੁਣੇ ਚੜ੍ਹਨਾ ਜਿਵੇਂ ਬਰਾਤ ਹੋਵੇ, ਹਰਚੰਦ ਸਿੰਘਾ ਲਾੜ੍ਹੇ ਬਣਾ ਦਿੱਤੇ॥

### ਸਾਹਿਬਜ਼ਾਦਿਆਂ ਦਾ ਜਲਾਲ

563 ਧੁੱਪ ਸੇਕ ਕੇ ਠਾਰੀ ਦੂਰ ਹੋਈ, ਸੂਰਜ ਆਣ ਕੇ ਮੱਥੇ ਤੇ ਬਹਿ ਗਿਆ ਏ।
ਐਨਾ ਰੂਪ ਨਾ ਦਾਦੀ ਨੇ ਕਦੇ ਡਿੱਠਾ, ਅਨੋਖਾ ਸਹਿਮ ਦਿਲ ਵਿਚ ਲਹਿ ਗਿਆ ਏ।
ਜਿੰਦਾਂ ਛੋਟੀਆਂ, ਮਾਮਲੇ ਪਏ ਭਾਰੀ, ਸਮਾਂ ਕਿੱਥੋਂ ਕਿੱਥੇ ਲੈ ਗਿਆ ਏ।
ਹਰਚੰਦ ਸਿੰਘਾ ਹੰਸਾਂ ਦਾ ਇਹ ਜੋੜਾ, ਆ ਪਾਪੀ ਦੇ ਪਿੰਜਰੇ ਪੈ ਗਿਆ ਏ॥

*(ਬਾਕੀ ਅਗਲੇ ਅੰਕ ਵਿਚ)*

48 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Lalit (Nitu)
604-339-1599


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India

Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

sep18

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

### ਲੜਕੇ ਦੀ ਲੋੜ

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

ਸਰੀ ਵਿੱਚ ਵਿੰਡੋ ਬਲਾਇੰਡਜ਼ ਕੰਪਨੀ ਵਾਲਿਆਂ ਨੂੰ ਵਰਕਰ ਦੀ ਜ਼ਰੂਰਤ ਹੈ।ਚੰਗੀ ਤਨਖਾਹ।ਬਜ਼ੁਰਗ ਵਿਅਕਤੀ ਜੋ ਸਰੀਰਕ ਤੌਰ ਤੇ ਤੰਦਰੁਸਤ ਹੈ ਵੀ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: 778-895-8848

oct20

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

sep18

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

BOOK YOUR CLASSIFIED IN

ਪੰਜਾਬ ਲਿੰਕ

PUNJABI WEEKLY NEWSPAPER

BUY 4 ADS GET 1 AD FREE

ads@thelinkpaper.ca

# ਪੰਜਾਬੀ ਮੁਟਿਆਰਾਂ ਵਿਆਹ ਮੌਕੇ ਕਿਉਂ ਪਹਿਨਦੀਆਂ ਹਨ ਚੂੜਾ ?



ਜੇਕਰ ਤੁਸੀਂ ਕੋਈ ਪੰਜਾਬੀ ਵਿਆਹ ਦੇਖਿਆ ਹੈ ਤਾਂ ਤੁਸੀਂ ਦੇਖਿਆ ਹੋਵੇਗਾ ਕਿ ਵਿਆਹ ਵਾਲੀ ਕੁੜੀ ਨੇ ਹੱਥਾਂ 'ਚ ਕੱਚ ਦੀਆਂ ਚੂੜੀਆਂ ਦੀ ਬਜਾਏ ਪੰਜਾਬੀ ਚੂੜਾ ਪਾਇਆ ਹੁੰਦਾ ਹੈ। ਭਾਰਤੀ ਸਭਿਆਚਾਰ 'ਚ ਕੱਚ ਦੀਆਂ ਹਰੀਆਂ ਲਾਲ ਚੂੜੀਆਂ ਨੂੰ ਬੇਹੱਦ ਸ਼ੁੱਭ ਮੰਨਿਆ ਜਾਂਦਾ ਹੈ ਤੇ ਚੂੜੀਆਂ ਨਾਲ ਭਰੇ ਵਹੁਟੀ ਦੇ ਹੱਥ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੰਦੀਆਂ ਹਨ।। ਪੰਜਾਬੀ ਵਿਆਹ ਦੀ ਗੱਲ ਕੀਤੀ ਜਾਵੇ ਤਾਂ ਅਕਸਰ ਤੁਸੀਂ ਦੇਖਿਆ ਹੋਵੇਗਾ ਕਿ ਪੰਜਾਬੀ ਵਹੁਟੀ ਦੇ ਹੱਥਾਂ 'ਚ ਕੱਚ ਦੀਆਂ ਚੂੜੀਆਂ ਨਹੀਂ ਬਲਕਿ ਪੰਜਾਬੀ ਚੂੜਾ ਹੁੰਦਾ ਹੈ। ਅੱਜਕਲ੍ਹ ਚੂੜਾ ਪਾਉਣ ਦਾ ਰਿਵਾਜ ਇਨਾ ਵੱਧ ਗਿਆ ਹੈ ਕਿ ਹੁਣ ਭਾਰਤ ਦੇ ਹਰ ਕੋਨੇ 'ਚ ਕੁੜੀਆਂ ਆਪਣੇ ਵਿਆਹ ਦੇ ਮੌਕੇ 'ਤੇ ਚੂੜਾ ਹੀ ਪਹਿਨਣਾ ਪਸੰਦ ਕਰਦੀਆਂ ਹਨ ਕਰਦੀਆਂ ਹਨ। ਬੋਲਡਸਕਾਈ ਡਾਟ ਕਾਮ ਅਨੁਸਾਰ ਪੰਜਾਬੀਆਂ 'ਚ ਚੂੜਾ ਪਹਿਨਣ ਦਾ ਰਿਵਾਜ ਕੁਝ ਖਾਸ ਮਹੱਤਵ ਰੱਖਦਾ ਹੈ-

ਵੈਸੇ ਤਾਂ ਵਹੁਟੀਆਂ ਕਈ ਤਰ੍ਹਾਂ ਦੇ ਗਹਿਣੇ ਪਹਿਨਦੀਆਂ ਹਨ ਪਰ ਉਨ੍ਹਾਂ 'ਚੋਂ ਚੂੜੇ ਦਾ ਮਹਤੱਵ ਅਹਿਮ ਹੁੰਦਾ ਹੈ। ਪੰਜਾਬੀਆਂ 'ਚ ਵਿਆਹ ਵਾਲੀ ਵਹੁਟੀ ਦੇ ਘਰ ਚੂੜਾ ਤੇ ਕਲੀਰੇ ਨਾਂ ਦੀ ਰਸਮ ਵੀ ਨਿਭਾਈ ਜਾਂਦੀ ਹੈ।। ਵਿਆਹ ਵਾਲੀ ਕੁੜੀ ਲਈ ਉਸ ਦਾ ਮਾਮਾ ਚੂੜਾ ਲੈ ਕੇ ਆਉਂਦਾ ਹੈ ਜਿਸ 'ਚ ਲਾਲ ਤੇ ਚਿੱਟੇ ਰੰਗ ਦੀਆਂ 21 ਚੂੜੀਆਂ ਹੁੰਦੀਆਂ ਹਨ।। ਵਹੁਟੀ ਇਸ ਚੂੜੇ ਨੂੰ ਉਦੋਂ ਤੱਕ ਨਹੀਂ ਦੇਖ ਸਕਦੀ ਜਦੋਂ ਤੱਕ ਉਹ ਪੂਰੀ ਤਰ੍ਹਾਂ ਤਿਆਰ ਨਹੀਂ ਹੋ ਜਾਂਦੀ ਹੈ।।

ਚੂੜਾ ਪੰਜਾਬੀ ਰਿਵਾਜ ਦੇ ਹਿਸਾਬ ਨਾਲ ਵਹੁਟੀ ਨੂੰ ਲਗਭਗ 1 ਸਾਲ ਤੱਕ ਪਹਿਨ ਕੇ ਰੱਖਣਾ ਹੁੰਦਾ ਹੈ।। ਹਾਲਾਂਕਿ ਅੱਜਕਲ੍ਹ ਵਹੁਟੀ ਜ਼ਿਆਦਾ ਤੋਂ ਜ਼ਿਆਦਾ 40 ਦਿਨਾਂ ਤੱਕ ਹੀ ਇਸ ਨੂੰ ਪਹਿਨਦੀ ਹੈ ਚੂੜਾ, ਵਿਆਹੁਤਾ ਹੋਣ ਦਾ ਪ੍ਰਤੀਕ ਹੁੰਦਾ ਹੈ। ਨਾਲ ਹੀ ਇਹ ਖੁਸ਼ਹਾਲੀ ਦੀ ਵੀ ਪ੍ਰਤੀਕ ਹੁੰਦਾ ਹੈ। ਇਹ ਪਤੀ ਦੀ ਭਲਾਈ ਲਈ ਵੀ ਪਹਿਨਿਆ ਜਾਂਦਾ ਹੈ।

ਵਹੁਟੀ ਨੂੰ ਚੂੜਾ ਉਸ ਦੇ ਮਾਮੇ ਵੱਲੋਂ ਹੀ ਮਿਲਦਾ ਹੈ। ਉਸ ਦੌਰਾਨ ਕੁੜੀ ਦੀਆਂ ਅੱਖਾਂ ਉਸ ਦੀ ਮਾਂ ਬੰਦ ਕਰ ਦਿੰਦੀ ਹੈ ਤਾਂ ਜੋ ਉਹ ਚੂੜਾ ਨਾ ਦੇਖ ਸਕੇ। ਚੂੜੇ ਨੂੰ ਵਿਆਹ ਤੋਂ ਇਕ ਰਾਤ ਪਹਿਲਾਂ ਦੁੱਧ ਤੇ ਪਾਣੀ ਮਿਲਾ ਕੇ ਉਸ 'ਚ ਭਿਓਂ ਦਿੱਤਾ ਜਾਂਦਾ ਹੈ। ਚੂੜਾ ਉਤਾਰਣ ਦੀ ਰਸਮ ਵੀ ਪਹਿਲਾਂ ਇਕ ਛੋਟਾ ਜਿਹਾ ਸਮਾਰੋਹ ਕਰ ਕੇ ਵਹੁਟੀ ਦਾ ਚੂੜਾ ਲਾ ਕੇ ਉਸ ਦੀ ਥਾਂ ਕੱਚ ਦੀਆਂ ਚੂੜੀਆਂ ਪਾ ਦਿੱਤੀਆਂ ਜਾਂਦੀਆਂ ਸਨ। ਉਸ ਸਮੇਂ ਵਹੁਟੀ ਨੂੰ ਮਿਠਾਈ ਤੇ ਸ਼ਗਨ ਵੀ ਦਿੱਤਾ ਜਾਂਦਾ ਸੀ।। ਚੂੜਾ ਕਿਸੇ ਨਦੀ ਦੇ ਕਿਨਾਰੇ ਛੋਟੀ ਜਿਹੀ ਪੂਜਾ ਕਰ ਕੇ ਉਤਾਰ ਦਿੱਤਾ ਜਾਂਦਾ ਸੀ ਤੇ ਫਿਰ ਉਸੇ ਨਦੀ 'ਚ ਪ੍ਰਵਾਹ ਕਰ ਦਿੱਤਾ ਜਾਂਦਾ ਸੀ।

**ਕਲੀਰੇ**—ਹਰ ਪੰਜਾਬੀ ਲਾੜੀ ਚੂੜੀਆਂ 'ਚ ਕਲੀਰੇ ਵੀ ਬੰਨ੍ਹਦੀ ਹੈ ਜੋ ਉਸ ਦੀਆਂ ਸਹੇਲੀਆਂ ਲੈ ਕੇ ਆਉਂਦੀਆਂ ਹਨ।। ਕਲੀਰੇ ਦੀ ਰਸਮ ਠੀਕ ਚੂੜੇ ਦੀ ਰਸਮ ਤੋਂ ਬਾਅਦ ਹੁੰਦੀ ਹੈ। ਇਕ ਵਾਰ ਜਦੋਂ ਕਲੀਰੇ ਕੁੜੀ ਦੀਆਂ ਚੂੜੀਆਂ ਨਾਲ ਬੰਨ੍ਹ ਦਿੱਤੀਆਂ ਜਾਂਦੀਆਂ ਹਨ ਤੇ ਉਹ ਆਪਣੇ ਹੱਥਾਂ ਨੂੰ ਆਪਣੀਆਂ ਕੁਆਰੀਆਂ ਸਹੇਲੀਆਂ ਦੇ ਸਿਰ 'ਤੇ ਝਟਕ ਦੀ ਹੈ। ਫਿਰ ਕਲੀਰਾ ਜਿਸ ਦੇ ਸਿਰ 'ਤੇ ਡਿੱਗਦਾ ਹੈ, ਵਿਆਹ ਦਾ ਅਗਲਾ ਨੰਬਰ ਉਸ ਦਾ ਹੁੰਦਾ ਹੈ ਅਜਿਹਾ ਕਿਹਾ ਜਾਂਦਾ ਹੈ।





METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਕੀ ਹੁੰਦਾ ਹੈ ਸਪੇਸ ਸੂਟ

**ਅਮਰਜੀਤ ਚੰਦਰ**

ਪਿਆਰੇ ਬੱਚਿਓ! ਤੁਸੀਂ ਦੇਖਿਆ ਹੋਵੇਗਾ ਕਿ ਪੁਲਾੜ



ਯਾਤਰੀ ਹਮੇਸ਼ਾਂ ਹੀ ਇੱਕ ਪ੍ਰਕਾਰ ਦੇ ਕੱਪੜੇ ਪਹਿਨਦੇ ਹਨ। ਇੱਕ ਮੋਟਾ ਜਿਹਾ ਸੂਟ ਅਤੇ ਉਸ 'ਤੇ ਹੈਲਮਟ ਅਤੇ ਆਕਸੀਜਨ ਮਾਸਕ ਵੀ ਲੱਗਿਆ ਰਹਿੰਦਾ ਹੈ। ਪੁਲਾੜ 'ਚ ਜਾਣ ਮਗਰੋਂ ਯਾਤਰੀਆਂ ਨੂੰ ਇਹੀ ਸੂਟ ਪਹਿਨਣਾ ਪੈਂਦਾ ਹੈ। ਇਸ ਨੂੰ ਸਪੇਸ ਸੂਟ ਕਹਿੰਦੇ ਹਨ। ਇਸ ਸਪੇਸ ਸੂਟ ਨੂੰ ਪਹਿਨੇ ਤੋਂ ਬਿਨਾਂ ਪੁਲਾੜ 'ਚ ਰਹਿਣਾ ਸੰਭਵ ਨਹੀਂ ਹੁੰਦਾ। ਸਪੇਸ ਸੂਟ ਦੀ ਵਜ੍ਹਾ ਨਾਲ ਹੀ ਪੁਲਾੜ ਦੇ ਮਾਹੌਲ ਵਿੱਚ ਪੁਲਾੜ ਯਾਤਰੀ ਜੀਵਤ ਰਹਿੰਦੇ ਹਨ। ਸਪੇਸ ਸੂਟ ਨੂੰ ਤਿਆਰ ਕਰਨ ਲਈ ਵੀ ਵਿਗਿਆਨੀਆਂ ਨੇ ਬੜੀ ਮਿਹਨਤ ਅਤੇ ਸੋਧ ਕੀਤੀ ਹੈ। ਇਹ ਸੂਟ ਉਸ ਕੱਪੜੇ ਦਾ ਨਹੀਂ ਬਣਿਆ ਹੁੰਦਾ ਜਿਹਨੂੰ ਆਪਾ ਪਹਿਨਦੇ ਹਾਂ। ਨਾਸਾ ਦੇ ਵਿਗਿਆਨਕ ਪੁਲਾੜ ਦੀਆਂ ਸਥਿਤੀਆਂ ਜਾਣਨ ਤੋਂ ਬਾਅਦ ਪੁਲਾੜ ਯਾਤਰੀਆਂ ਲਈ ਵੱਖ ਵੱਖ ਪਦਾਰਥਾਂ ਦਾ ਇਸਤੇਮਾਲ ਕਰਦੇ ਹੋਏ ਸਪੇਸ ਸੂਟ ਤਿਆਰ ਕਰਦੇ ਹਨ। ਇਸ ਸੂਟ ਨੂੰ ਪਹਿਨਣ ਤੋਂ ਬਾਅਦ ਪੁਲਾੜ ਯਾਤਰੀਆਂ ਦੇ ਸਰੀਰ ਦਾ ਤਾਪਮਾਨ ਅਤੇ ਬਾਹਰਲੇ ਵਾਤਾਵਰਨ ਨਾਲ ਸਰੀਰ 'ਤੇ ਪੈਣ ਵਾਲਾ ਦਬਾਅ ਕੰਟਰੋਲ 'ਚ ਰਹਿੰਦਾ ਹੈ। ਇਸ ਦੇ ਨਾਲ ਹੀ ਇਹ ਸੂਟ ਇਸ ਤਰ੍ਹਾਂ ਨਾਲ ਬਣਾਇਆ ਜਾਂਦਾ ਹੈ ਕਿ ਪੁਲਾੜ 'ਚ ਮੌਜੂਦ ਹਾਨੀਕਾਰਕ ਕਿਰਨਾਂ ਤੋਂ ਉਨ੍ਹਾਂ ਦੇ ਸਰੀਰ ਨੂੰ ਬਚਾਉਣ ਲਈ ਇਹ ਕਵਚ ਦਾ ਕੰਮ ਕਰੇ। ਇਸ ਸੂਟ ਦੇ ਅੰਦਰ ਇਕ ਲਾਈਫ ਸਪੋਰਟਿੰਗ ਸਿਸਟਮ ਹੁੰਦਾ ਹੈ, ਜਿਸ ਨਾਲ ਪੁਲਾੜ ਯਾਤਰੀਆਂ ਨੂੰ ਸ਼ੁੱਧ ਆਕਸੀਜਨ ਪ੍ਰਾਪਤ ਹੁੰਦੀ ਹੈ। ਇਸ ਸੂਟ ਦੇ ਅੰਦਰ ਗੈਸ ਅਤੇ ਤਰਲ ਪਦਾਰਥਾਂ ਨੂੰ ਰੀਚਾਰਜ ਅਤੇ ਡਿਸਚਾਰਜ ਕਰਨ ਦੀ ਵਿਵਸਥਾ ਵੀ ਹੁੰਦੀ ਹੈ। ਇਸ ਸੂਟ 'ਚ ਹੀ ਪੁਲਾੜ ਯਾਤਰੀ ਉੱਥੋਂ ਇਕੱਠੇ ਕੀਤੇ ਗਏ ਕਣਾਂ ਨੂੰ ਸੁਰੱਖਿਅਤ ਰੱਖ ਸਕਦੇ ਹਨ।



# ਹੈਲੀਕਾਪਟਰ ਦੀ ਵਿਕਾਸ ਯਾਤਰਾ

ਬੱਚਿਓ! ਕਿਸੇ ਦੁਰਘਟਨਾ 'ਚ ਫਸੇ ਲੋਕਾਂ ਨੂੰ ਬਚਾਉਣਾ ਹੋਵੇ, ਹੜ੍ਹ ਜਾਂ ਤੂਫ਼ਾਨ ਪੀੜਤਾਂ ਦੀ ਸਹਾਇਤਾ ਕਰਨੀ ਹੋਵੇ, ਲੜਾਈ ਦੇ ਸਮੇਂ ਜ਼ਖ਼ਮੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ ਹੋਵੇ, ਸੈਨਿਕਾਂ ਨੂੰ ਵੱਖ-ਵੱਖ ਮੋਰਚਿਆਂ 'ਤੇ ਲਾਉਣਾ ਆਦਿ ਕੰਮਾਂ 'ਚ ਹੈਲੀਕਾਪਟਰ ਵਰਦਾਨ ਸਾਬਤ ਹੁੰਦਾ ਹੈ। ਆਓ ਆਪਾਂ ਇਸ ਦੀ ਵਿਕਾਸ ਯਾਤਰਾ 'ਤੇ ਚੱਲੀਏ। ਹੈਲੀਕਾਪਟਰ ਮਤਲਬ ਸਿੱਧੀ ਉਡਾਣ ਭਰਨ ਵਾਲੇ ਹਵਾਈ ਵਾਹਨਾਂ ਦੀ ਕਲਪਨਾ ਸਭ ਤੋਂ ਪਹਿਲਾਂ ਸਾਲ 1500 ਦੇ ਲਗਭਗ ਲੀਓਨਾਰਡੋ ਦਿ ਵਿੰਚੀ ਨੇ ਕੀਤੀ ਸੀ। ਉਸ ਨੇ ਹੈਲੀਕਾਪਟਰ ਦੇ ਸਰਲ ਅਤੇ ਕੁੰਡਲਦਾਰ ਪੇਚਾਂ ਉੱਤੇ ਆਧਾਰਿਤ ਅਨੇਕਾਂ ਚਿੱਤਰ ਵੀ ਬਣਾਏ। ਸਾਲ 1800 ਦੇ ਲਗਭਗ ਸਰ ਜੌਰਜ ਕੈਲੀ ਨਾਂ ਦੇ ਅੰਗਰੇਜ਼ ਨੇ ਵੀ ਹੈਲੀਕਾਪਟਰ 'ਤੇ ਕੁਝ ਤਜਰਬੇ ਕੀਤੇ। ਉਸ ਦਾ ਬਣਾਇਆ ਹੈਲੀਕਾਪਟਰ ਦਾ ਮਾਡਲ 90 ਫੁੱਟ ਦੀ ਉੱਚਾਈ ਤਕ ਉੱਡਿਆ। ਇਸੇ ਤਰ੍ਹਾਂ ਇਟਲੀ ਦੇ ਇੱਕ ਨੌਜਵਾਨ ਨੇ ਵੀ ਭਾਫ਼ ਨਾਲ ਚੱਲਣ ਵਾਲੀ ਮਸ਼ੀਨ ਨੂੰ 40 ਫੁੱਟ ਉੱਪਰ ਤਕ ਉਡਾਇਆ। 20ਵੀਂ ਸਦੀ ਦੇ ਸ਼ੁਰੂ ਵਿੱਚ ਬਰਲਿਨ ਵਾਸੀ ਹਰਮਾਨ ਗੈਂਸ ਵਿੰਟ ਨੇ ਇਕ ਹੈਲੀਕਾਪਟਰ ਬਣਾਇਆ ਜੋ ਸਾਈਕਲ ਦੇ ਪੈਡਲਾਂ ਨਾਲ ਚਲਾਇਆ ਜਾਂਦਾ ਸੀ। 1907 'ਚ ਫਰਾਂਸੀਸੀ ਖੋਜੀ ਕੋਰਨੂ ਨੇ ਇਕ ਨੌਜਵਾਨ ਨਾਲ ਬੈਠ ਕੇ ਇਕ ਮਿੰਟ ਤਕ ਆਪਣਾ ਹੈਲੀਕਾਪਟਰ ਉਡਾਇਆ। ਈਗੋਰ ਸਿਕੋਰਸਕੀ (ਰੂਸੀ ਅਮਰੀਕੀ) ਨੇ ਲਗਪਗ 1909 'ਚ ਆਪਣਾ ਪਹਿਲਾ ਹੈਲੀਕਾਪਟਰ ਤਿਆਰ ਕੀਤਾ। ਇਸ 'ਚ ਪੈਟਰੋਲ ਇੰਜਣ ਦੀ ਵਰਤੋਂ ਕੀਤੀ ਗਈ ਸੀ। ਇਸ ਹੈਲੀਕਾਪਟਰ ਦੀ ਉੱਡਣ ਸ਼ਕਤੀ ਇਸ ਦੇ ਭਾਰ ਨਾਲੋਂ ਘੱਟ ਸੀ। 1938 'ਚ ਜਰਮਨੀ ਦੀ ਫੋਕ ਜਹਾਜ਼ ਕੰਪਨੀ 'ਚ ਇਕ ਜਰਮਨ ਦਲ ਨੇ ਇਹੋ ਜਿਹਾ ਹੈਲੀਕਾਪਟਰ ਬਣਾਉਣ 'ਚ ਸਫ਼ਲਤਾ ਪ੍ਰਾਪਤ ਕੀਤੀ ਜੋ ਹਵਾ 'ਚ ਸਿੱਧਾ ਉੱਪਰ ਉੱਠਕੇ ਉੱਡ ਸਕਦਾ ਸੀ। ਇਸ 'ਚ 150 ਹਾਰਸ ਪਾਵਰ ਦਾ ਇੰਜਣ ਲਗਾਇਆ ਗਿਆ ਸੀ। ਪ੍ਰਦਰਸ਼ਨ ਦੌਰਾਨ ਇਹ ਹੈਲੀਕਾਪਟਰ 11500 ਫੁੱਟ ਦੀ ਉੱਚਾਈ ਤਕ ਜਾ ਪੁੱਜਾ ਸੀ। ਫੋਕ ਕੰਪਨੀ ਦਾ ਹੀ ਦੂਜਾ ਹੈਲੀਕਾਪਟਰ ਫੋਕ-223 ਸਾਲ 1940 ਵਿੱਚ ਬਣਕੇ ਤਿਆਰ ਹੋਇਆ। ਇਹ ਲਗਭਗ 23 ਹਜ਼ਾਰ 400 ਫੁੱਟ ਦੀ ਉੱਚਾਈ ਤਕ ਜਾ ਪੁੱਜਿਆ ਸੀ। ਇਸ ਹੈਲੀਕਾਪਟਰ 'ਚ 1 ਹਜ਼ਾਰ ਹਾਰਸ ਪਾਵਰ ਦਾ ਇੰਜਣ ਲਗਾਇਆ ਗਿਆ ਸੀ, ਪਰ ਦੂਜੇ ਵਿਸ਼ਵ ਯੁੱਧ ਦੇ ਕਾਰਨ ਇਸ ਦੀ ਚਰਚਾ ਜਰਮਨੀ ਦੇ ਬਾਹਰ ਨਾ ਹੋ ਸਕੀ। ਸਿਕੋਰਸਕੀ ਨੇ ਅਮਰੀਕੀ ਸੈਨਾ ਲਈ ਵੀ ਹੈਲੀਕਾਪਟਰ ਬਣਾਇਆ। ਇਸ ਦਾ ਤਜਰਬਾ ਦਸੰਬਰ, 1940 'ਚ ਕੀਤਾ। ਇਸ ਪ੍ਰਕਾਰ ਸਿਕੋਰਸਕੀ ਹੈਲੀਕਾਪਟਰ ਖੋਜੀ ਦੇ ਰੂਪ 'ਚ ਸਥਾਪਤ ਹੋ ਗਏ। ਇਸ ਦੇ ਬਾਅਦ ਇਸ 'ਚ ਅਨੇਕਾਂ ਹੀ ਸੁਧਾਰ ਕਰਕੇ ਇਸ ਨੂੰ ਹੋਰ ਉਪਯੋਗੀ, ਭਰੋਸੇਮੰਦ ਬਣਾਇਆ ਗਿਆ। ਵਰਤਮਾਨ ਸਮੇਂ 'ਚ ਵਿਗਿਆਨਕ ਤਕਨੀਕ ਨੇ ਹੈਲੀਕਾਪਟਰ 'ਚ ਬਹੁਤ ਹੀ ਹੈਰਾਨਕੁੰਨ ਸੁਧਾਰ ਕਰ ਦਿੱਤੇ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com




# ਵਿਟਾਮਿਨ-ਸੀ ਦਾ ਸਰੀਰ ਲਈ ਮਹੱਤਵ

ਵਿਟਾਮਿਨ-ਸੀ ਪਾਣੀ 'ਚ ਘੁਲਣਸ਼ੀਲ ਹੁੰਦਾ ਹੈ। ਵਿਟਾਮਿਨ-ਸੀ ਵੱਖ-ਵੱਖ ਪਾਚਕ ਤੇ ਗ਼ੈਰ-ਪਾਚਕ ਪ੍ਰਕਿਰਿਆਵਾਂ ਲਈ ਇਲੈਕਟ੍ਰਾਨਜ਼ ਸ਼ੇਅਰ ਕਰ ਕੇ ਐਂਟੀਆਕਸੀਡੈਂਟ ਵਜੋਂ ਕੰਮ ਕਰਦਾ ਹੈ। ਵਿਟਾਮਿਨ-ਸੀ ਪਾਣੀ 'ਚ ਘੁਲਣਸ਼ੀਲ ਹੁੰਦਾ ਹੈ। ਵਿਟਾਮਿਨ-ਸੀ ਵੱਖ-ਵੱਖ ਪਾਚਕ ਤੇ ਗ਼ੈਰ-ਪਾਚਕ ਪ੍ਰਕਿਰਿਆਵਾਂ ਲਈ ਇਲੈਕਟ੍ਰਾਨਜ਼ ਸ਼ੇਅਰ ਕਰ ਕੇ ਐਂਟੀਆਕਸੀਡੈਂਟ ਵਜੋਂ ਕੰਮ ਕਰਦਾ ਹੈ।

## ਵਿਟਾਮਿਨ-ਸੀ ਦੇ ਕੰਮ

**ਐਂਟੀਆਕਸੀਡੈਂਟ** : ਵਿਟਾਮਿਨ-ਸੀ ਵੱਖ-ਵੱਖ ਪਾਚਕ ਤੇ ਗ਼ੈਰ-ਪਾਚਕ ਪ੍ਰਕਿਰਿਆਵਾਂ ਲਈ ਇਲੈਕਟ੍ਰਾਨਾਂ ਦਾਨ ਕਰ ਕੇ ਐਂਟੀਆਕਸੀਡੈਂਟ ਵਜੋਂ ਕੰਮ ਕਰਦਾ ਹੈ। ਵਿਟਾਮਿਨ-ਸੀ ਜੀਵਾਣੂਆਂ ਵਿਰੁੱਧ ਐਪੀਥੈਲੀਅਲ ਬੈਰੀਅਰ ਫੰਕਸ਼ਨ ਦਾ ਕੰਮ ਕਰਦਾ ਹੈ ਤੇ ਚਮੜੀ ਦੀ ਆਕਸੀਡੈਂਟ ਸਕੈਵਿੰਗਿੰਗ ਗਤੀਵਿਧੀ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਵਾਤਾਵਰਨ ਦੇ ਆਕਸੀਡੈਂਟਿਵ ਤਣਾਅ ਤੋਂ ਸੰਭਾਵਿਤ ਤੌਰ 'ਤੇ ਬਚਾਅ ਹੁੰਦਾ ਹੈ।

**ਪ੍ਰੋਟੀਨ ਮੈਟਾਬੋਲਿਜ਼ਮ** : ਵਿਟਾਮਿਨ-ਸੀ ਪ੍ਰੋਟੀਨ ਦੀ ਪਾਚਕ ਕਿਰਿਆ ਵਿਚ ਸ਼ਾਮਲ ਹੁੰਦਾ ਹੈ।

**ਡਾਇਬਟੀਜ਼** : 'ਸ਼ੂਗਰ, ਮੋਟਾਪਾ ਤੇ ਮੈਟਾਬੋਲਿਜ਼ਮ' ਵਿਟਾਮਿਨ-ਸੀ ਟਾਈਪ 2 ਡਾਇਬਟੀਜ਼ ਦੀ ਰੋਕਥਾਮ 'ਚ ਮਦਦ ਕਰਦਾ ਹੈ। ਇਹ ਵਿਟਾਮਿਨ-ਸੀ ਦੇ ਐਂਟੀਆਕਸੀਡੈਂਟ ਗੁਣਾਂ ਕਾਰਨ ਹੈ ਕਿਉਂਕਿ ਇਹ ਹਾਈਪਰਗਲਾਈਸੀਮੀਆ ਦੀ ਸਥਿਤੀ 'ਚ ਵੀ ਮਦਦਗਾਰ ਹੈ।




## ਵਿਟਾਮਿਨ-ਸੀ ਦੀ ਕਮੀ ਨਾਲ ਹੋਣ ਵਾਲੇ ਰੋਗ

**ਸਕਾਰਵੀ** : ਸਕਾਰਵੀ ਵਿਟਾਮਿਨ-ਸੀ ਦੀ ਘਾਟ ਕਾਰਨ ਹੁੰਦਾ ਹੈ। ਇਸ ਦੇ ਲੱਛਣ ਖ਼ੂਨ ਵਗਣ ਵਾਲੇ ਮਸੂੜਿਆਂ, ਕਮਜ਼ੋਰੀ, ਥਕਾਵਟ ਅਤੇ ਧੱਫੜ ਆਦਿ ਹਨ।

**ਮਸੂੜਿਆਂ ਦੀ ਸੋਜ਼** : ਵਿਟਾਮਿਨ-ਸੀ ਦੀ ਘਾਟ ਕਾਰਨ ਮਸੂੜਿਆਂ ਦੇ ਟਿਸ਼ੂ ਕਮਜ਼ੋਰ ਹੋ ਜਾਂਦੇ ਹਨ।

## ਘਾਟ ਦੇ ਕਾਰਨ

• ਮਾੜੀ ਖ਼ੁਰਾਕ। • ਸ਼ਰਾਬ ਦਾ ਸੇਵਨ। • ਭੁੱਖ ਦੀ ਕਮੀ। • ਮਾਨਸਿਕ ਬਿਮਾਰੀ। • ਤੰਬਾਕੂਨੋਸ਼ੀ। • ਡਾਇਲਸਿਸ (ਕਿਡਨੀ ਫੇਲ੍ਹ ਹੋਣ ਦੀ ਸਥਿਤੀ 'ਚ)

## ਲੱਛਣ


• ਨਹੁੰਆਂ 'ਤੇ ਲਾਲ ਚਟਾਕ। • ਖ਼ੁਸ਼ਕ ਚਮੜੀ।

## ਸਰੋਤ

**ਫਲ** : ਸੰਤਰਾ, ਕੀਵੀ, ਨਿੰਬੂ, ਅਮਰੂਦ, ਅੰਗੂਰ।
**ਸਬਜ਼ੀਆਂ** : ਬ੍ਰੋਕਲੀ, ਗੋਭੀ, ਕੈਪਸੀਕਮ।
**ਹੋਰ ਫਲ** : ਪਪੀਤਾ, ਕੈਨਟਾਲੂਪ ਤੇ ਸਟ੍ਰਾਬੇਰੀ।

## ਜਾਂਚ ਕਰਨ ਲਈ ਟੈਸਟ

- ਪਲਾਜ਼ਮਾ।
- ਲਿਊਕੋਸਾਈਟ।
- ਪਿਸ਼ਾਬ 'ਚ ਵਿਟਾਮਿਨ-ਸੀ ਦਾ ਪੱਧਰ।



## ਫ਼ਾਇਦੇ

**ਇਮਿਊਨ ਸਿਸਟਮ**

ਵਿਟਾਮਿਨ-ਸੀ ਐਂਟੀਆਕਸੀਡੈਂਟ ਹੁੰਦਾ ਹੈ। ਇਹ ਵੱਖੋ-ਵੱਖਰੇ ਸੈਲੂਲਰ ਕਾਰਜਾਂ ਦਾ ਸਮਰਥਨ ਕਰ ਕੇ ਪ੍ਰਤੀਰੋਧੀ ਪ੍ਰਣਾਲੀ 'ਚ ਯੋਗਦਾਨ ਪਾਉਂਦਾ ਹੈ।

**ਘੱਟ ਬਲੱਡ ਪ੍ਰੈਸ਼ਰ**

ਵਿਟਾਮਿਨ-ਸੀ ਹਾਈਪਰਟੈਨਸ਼ਨ, ਸਿਸਟੋਲਿਕ ਤੇ ਡਾਇਸਟੋਲਿਕ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਠੀਕ ਰੱਖਣ 'ਚ ਸਹਾਇਤਾ ਕਰਦਾ ਹੈ।

—ਰਵਿੰਦਰ ਕੌਰ


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਮਿੰਨੀ ਕਹਾਣੀਆਂ

## ਮਾਲਕ

ਉਸ ਨੇ ਸਫ਼ੇਦ ਜੱਤ ਵਾਲਾ ਇੱਕ ਖ਼ੂਬਸੂਰਤ ਜਿਹਾ ਕੁੱਤਾ ਪਾਲਿਆ। ਉਹ ਕੁੱਤੇ ਨੂੰ ਹਰ ਵੇਲੇ ਸੰਗਲੀ ਨਾਲ ਬੰਨ੍ਹ ਕੇ ਰੱਖਦਾ ਤਾਂ ਜੋ



ਬਾਹਰ ਜਾ ਕੇ ਗਲੀ ਦੇ ਆਵਾਰਾ ਕੁੱਤਿਆਂ ਨਾ ਮੇਲ-ਜੋਲ ਨਾ ਰੱਖ ਸਕੇ। ਜਦੋਂ ਉਹ ਕੁਝ ਦਿਨ ਗੇਟ ਦੇ ਅੰਦਰ ਡੱਕਿਆ ਰਿਹਾ ਤਾਂ ਬਾਹਰ ਜਾਣ ਲਈ ਤਰਲੋਮੱਛੀ ਹੋਣ ਲੱਗ ਪਿਆ। ਆਉਂਦੇ-ਜਾਂਦੇ ਲੋਕਾਂ ਅਤੇ ਕੁੱਤਿਆਂ-ਬਿੱਲਿਆਂ ਨੂੰ ਦੇਖ ਕੇ ਉਹ ਬਾਹਰ ਭੱਜਣ-ਭੱਜਣ ਕਰਦਾ। ਬਾਹਰ ਦੀ ਖੁੱਲ੍ਹੀ ਫਿਜ਼ਾ ਮਾਣਨਾ ਲੋਚਦਾ। ਪਰ ਬੰਨ੍ਹਿਆ ਹੋਣ ਕਰਕੇ ਉਹ ਬੇਵੱਸ ਸੀ। ਉਹ ਆਪਣੀ ਦੁਰਦਸ਼ਾ 'ਤੇ ਰੋਂਦਾ, ਕੁਰਲਾਉਂਦਾ ਤੇ ਛਟਪਟਾਉਂਦਾ। ਇੱਕ ਦਿਨ ਉਸ ਦੇ ਮਾਲਕ ਨੇ ਉਸ ਨੂੰ ਆਪਣੇ ਨਾਲ ਲਿਜਾ ਕੇ ਸੰਗਲੀ ਤੋਂ ਮੁਕਤ ਕਰ ਦਿੱਤਾ। ਉਸ ਨੂੰ ਕਿਹਾ ਕਿ ਜਾਹ, ਜਾ ਕੇ ਆਜ਼ਾਦੀ ਮਾਣ, ਬਾਹਰ ਦੇ ਬੁੱਲੇ ਲੁੱਟ। ਪਹਿਲਾਂ ਤਾਂ ਕੁੱਤਾ ਸ਼ੂਟ ਵੱਟ ਕੇ ਅੱਗੇ ਨੂੰ ਭੱਜਿਆ ਜਿਵੇਂ ਜੇਲ੍ਹ 'ਚੋਂ ਛੁੱਟਿਆ ਹੋਵੇ, ਪਰ ਥੋੜ੍ਹਾ ਦੂਰ ਜਾ ਕੇ ਜਦੋਂ ਉਸ ਨੇ ਪਿੱਛੇ ਦੇਖਿਆ ਕਿ ਮਾਲਿਕ ਤਾਂ ਨਾਲ ਆ ਨਹੀਂ ਰਿਹਾ ਜਿਹੜਾ ਉਸ ਨੂੰ ਦੁੱਧ, ਰੋਟੀ, ਮੀਟ, ਬਿਸਕੁਟ ਅਤੇ ਫ਼ਲ ਦਿੰਦਾ ਹੈ ਤਾਂ ਉਹ ਫਟਾਫਟ ਪਿੱਛੇ ਨੂੰ ਦੌੜਿਆ। ਅਜਨਬੀ ਲੋਕਾਂ ਅਤੇ ਜਨੌਰਾਂ 'ਚ ਉਸ ਦਾ ਮਨ ਨਾ ਲੱਗਿਆ। ਉਸ ਨੂੰ ਉਨ੍ਹਾਂ ਤੋਂ ਡਰ ਵੀ ਆਉਣ ਲੱਗਿਆ। ਉਹ ਫਿਰ ਦੌੜ ਕੇ ਮਾਲਕ ਦੇ ਨੇੜੇ-ਤੇੜੇ ਉਸ ਦੇ ਪੈਰਾਂ ਕੋਲ ਚੱਕਰ ਕੱਟਣ ਲੱਗਿਆ। ਉਸ ਦੇ ਪੈਰਾਂ ਨੂੰ ਚੱਟਣ ਲੱਗ ਪਿਆ। ਮਾਲਿਕ ਨੇ ਸੋਚਿਆ ਕਿ ਉਸ ਦਾ ਮਨ ਵੀ ਤਾਂ ਬਹੁਤਾ ਚਿਰ ਇਕੱਲ ਵਿੱਚ, ਇਕਾਂਤ ਵਿੱਚ ਆਪਣੇ ਕੋਲ ਰਹਿ ਕੇ ਆਪਣੇ ਕੋਲ ਬੈਠ ਕੇ ਅੱਕ ਜਾਂਦਾ ਹੈ ਤਾਂ ਉਹ ਬਾਹਰ ਦੀ ਚਕਾਚੌਂਧ ਵਾਲੀ ਦੁਨੀਆਂ ਵਿੱਚ ਜਾਣਾ ਲੋਚਦਾ ਹੈ। ਉਸ ਨੂੰ ਅਕਸਰ ਮਹਿਸੂਸ ਹੁੰਦਾ ਕਿ ਉਸ ਦੇ ਸਾਰੇ ਦੋਸਤ-ਮਿੱਤਰ, ਰਿਸ਼ਤੇਦਾਰ ਉਸ ਤੋਂ ਅੱਗੇ ਲੰਘ ਗਏ ਹਨ ਤੇ ਉਹ ਪਿੱਛੇ ਰਹਿ ਗਿਆ ਹੈ। ਉਹ ਐਸ਼ਾਂ ਤੇ ਮੌਜਾਂ ਮਾਣ ਰਹੇ ਹਨ। ਪਰ ਥੋੜ੍ਹੀ ਦੇਰ ਮਗਰੋਂ ਉਹ ਵਾਪਸ ਪਰਤ ਆਉਂਦਾ ਹੈ, ਆਪਣੇ ਕੋਲ, ਆਪਣੇ ਮਾਲਕ ਕੋਲ। ਉਸ ਨੂੰ ਵੀ ਲੱਗਦਾ ਹੈ ਕਿ ਉਹ ਉਸ ਦੇ ਪਾਸ ਰਹਿ ਕੇ ਹੀ ਸੁਰੱਖਿਅਤ ਹੈ, ਹੋਰ ਕਿਧਰੇ ਨਹੀਂ। ਇਹ ਸੋਚ ਕੇ ਉਹ ਆਪਣੇ ਕੁੱਤੇ ਦੀ ਜੱਤ ਵਿੱਚ ਹੱਥ ਫੇਰ ਕੇ ਉਸ ਨੂੰ ਢੇਰ ਸਾਰਾ ਪਿਆਰ ਦਿੰਦਾ ਤੇ ਪੁਚਕਾਰਦਾ ਹੈ। ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਹੈ ਜਿਵੇਂ ਇਸ ਤਰ੍ਹਾਂ ਉਸ ਨੂੰ ਇਕੱਲ ਤੇ ਇਕਾਂਤ ਮਹਿਸੂਸ ਨਾ ਹੋ ਰਹੀ ਹੋਵੇ। —ਕਰਮਵੀਰ ਸਿੰਘ ਸੂਰੀ

## ਸੁਪਨੇ

ਮਾਈ ਚਿੰਤੀ ਪਿਛਲੇ ਤਿਨ ਦਿਨਾਂ ਤੋਂ ਬੈਂਕ ਵਿੱਚ ਭੀੜ ਦੀਆਂ ਲੱਗੀਆਂ ਲੰਮੀਆਂ ਕਤਾਰਾਂ ਅਤੇ ਕਦੇ ਨਕਦੀ ਖ਼ਤਮ ਹੋਣ ਕਾਰਨ ਖਾਲੀ ਹੱਥੀਂ ਵਾਪਸ ਆ ਰਹੀ ਸੀ। ਅੱਜ ਤੀਜੀ ਜਮਾਤ ਵਿੱਚ ਪੜ੍ਹਦੇ ਪੋਤੇ ਨੂੰ ਨਾਲ ਲੈ ਕੇ ਸਮੇਂ ਸਿਰ ਹੀ ਬੈਂਕ ਪੁੱਜ ਗਈ ਸੀ, ਪਰ ਅੱਜ



ਤਾਂ ਭੀੜ ਹੋਰ ਵੀ ਜ਼ਿਆਦਾ ਸੀ। ਲੰਮੀ ਕਤਾਰ ਵਿੱਚ ਲੱਗੇ ਲੋਕਾਂ 'ਚ ਤਕਰਾਰ ਅਤੇ ਧੱਕਾ-ਮੁੱਕੀ ਜਾਰੀ ਸੀ। ਮਾਈ ਨੂੰ ਕਤਾਰ 'ਚ ਖੜ੍ਹਿਆਂ ਡੇਢ ਘੰਟਾ ਹੋ ਚੁੱਕਾ ਸੀ। ਸਰੀਰ ਕਮਜ਼ੋਰ ਤੇ ਥੱਕਿਆ ਹੋਣ ਕਾਰਨ ਉਹ ਫਰਸ਼ 'ਤੇ ਹੀ ਬੈਠ ਗਈ। ਅਜਿਹੀ ਹਾਲਤ ਦੇਖ ਕੇ ਇੱਕ ਆਦਮੀ ਮਾਈ ਕੋਲ ਆਇਆ ਅਤੇ ਇੱਕ ਹਜ਼ਾਰ ਦੇ ਬਦਲੇ ਅੱਠ ਸੌ ਰੁਪਏ ਦੇਣ ਦੀ ਗੱਲ ਕਰਨ ਲੱਗਾ। ਹੈਰਾਨੀ ਜ਼ਾਹਿਰ ਕਰਦਿਆਂ ਮਾਈ ਚਿੰਤੀ ਨੇ ਬਾਕੀ ਦੇ ਦੋ ਸੌ ਰੁਪਏ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਸਰਕਾਰ ਦੀ ਨਵੀਂ ਨੀਤੀ ਮੁਤਾਬਿਕ ਇਹ ਪੈਸੇ ਕੱਟ ਕੇ ਤੁਹਾਡੇ ਬੈਂਕ ਖਾਤੇ ਵਿੱਚ ਦਸ ਲੱਖ ਰੁਪਏ ਜਮ੍ਹਾਂ ਹੋ ਜਾਣਗੇ ਤਾਂ ਹੀ ਇਹ ਲੋਕੀ ਲਾਈਨ 'ਚ ਲੱਗੇ ਹੋਏ ਹਨ। ਰੋਜ਼ ਦੀ ਖੱਜਲ-ਖੁਆਰੀ ਤੋਂ ਬਚਣ ਖ਼ਾਤਰ ਤੇ ਇਸ ਝੂਠੀ ਗੱਲ ਬਾਰੇ ਸੋਚ ਕੇ ਮਾਈ ਨੇ ਆਪਣੀ ਮੁੱਠੀ ਵਿੱਚ ਘੁੱਟਿਆ ਹੋਇਆ ਹਜ਼ਾਰ ਰੁਪਏ ਦਾ ਨੋਟ ਉਸ ਨੂੰ ਦੇ ਕੇ ਅੱਠ ਸੌ ਰੁਪਏ ਪ੍ਰਾਪਤ ਕਰ ਲਏ। ਉਸ ਨੇ ਪੁਰਾਣੀ ਜਿਹੀ ਲੀਰ ਵਿੱਚ ਗੰਢ ਮਾਰਦਿਆਂ ਇਹ ਰੁਪਏ ਆਪਣੇ ਖੀਸੇ ਵਿੱਚ ਪਾ ਲਏ। ਦਾਦੀ ਦੀ ਉਂਗਲੀ ਫੜੀ ਬੱਸ ਸਟੈਂਡ ਵੱਲ ਤੁਰੇ ਆਉਂਦਿਆਂ ਪੋਤੇ ਨੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਦਾਦੀ। ਫਿਰ ਤਾਂ ਆਪਾਂ ਵੀ ਪੱਕਾ ਘਰ ਬਣਾਵਾਂਗੇ ਜਿਸ ਵਿੱਚ ਛੱਤ ਵਾਲਾ ਪੱਖਾ ਅਤੇ ਰੰਗੀਨ ਟੈਲੀਵਿਜ਼ਨ ਲਾਵਾਂਗੇ ਸਕੂਲੇ ਜਾਣ ਲਈ ਵੀ ਮੈਂ ਨਵੇਂ ਬੂਟ ਲਵਾਂਗਾ।" ਤੁਰੇ ਜਾਂਦੇ ਨੇ ਆਪਣੀਆਂ ਘਸੀਆਂ ਚੱਪਲਾਂ ਵੱਲ ਦੇਖਦਿਆਂ ਕਿਹਾ। ਪਰ ਆਪਣੇ ਹੀ ਖ਼ਿਆਲਾਂ ਵਿੱਚ ਖੋਈ ਮਾਈ ਮਨ ਹੀ ਮਨ ਸੋਚ ਰਹੀ ਸੀ ਕਿ ਪੁੱਤਰ, ਅਸੀਂ ਤਾਂ ਝੂਠੇ ਸੁਪਨੇ ਦੇਖਦਿਆਂ ਸਾਰੀ ਉਮਰ ਹੀ ਲੰਘਾ ਦਿੱਤੀ ਪਰ ਤੇਰੀ ਤਾਂ ਅਜੇ ਸ਼ੁਰੂਆਤ ਹੀ ਹੈ।

—ਪਿਆਰਾ ਸਿੰਘ



## ਗ੍ਰਹਿ

ਬੜੀ ਮਿਹਨਤ-ਮੁਸ਼ੱਕਤ ਕਰਕੇ ਮੈਂ ਸਰਕਾਰੀ ਮਾਸਟਰ ਲੱਗਿਆ ਤਾਂ ਮੇਰੀ ਮਿਹਨਤ ਨੂੰ ਬੂਰ ਪੈ ਗਿਆ ਕਿਉਂਕਿ ਘਰ ਦੇ ਹਾਲਾਤ ਆਰਥਿਕ ਪੱਖੋਂ ਬਹੁਤ ਖ਼ਰਾਬ ਸਨ। ਮੈਨੂੰ ਬਹੁਤ ਖ਼ੁਸ਼ੀ ਸੀ ਕਿ ਮੇਰੀ ਮਿਹਨਤ ਦਾ ਫਲ ਮੈਨੂੰ ਮਿਲ ਗਿਆ ਸੀ। ਦੂਜੇ ਦਿਨ ਸਕੂਲ ਡਿਊਟੀ 'ਤੇ ਜਾਣ ਸਮੇਂ ਰਸਤੇ 'ਚ ਪਿੰਡ ਦੇ ਕੁਝ ਵਿਅਕਤੀ ਮੈਨੂੰ ਆਖਣ ਲੱਗੇ, "ਕਾਕਾ। ਤੇਰੇ ਗ੍ਰਹਿ ਚੰਗੇ ਸਨ ਜੋ ਤੈਨੂੰ ਸਰਕਾਰੀ ਨੌਕਰੀ ਮਿਲ ਗਈ। ਚੰਗੇ ਦਾਨ-ਪੁੰਨ ਕੀਤੇ ਹੋਣਗੇ ਤੂੰ ਪਿਛਲੇ ਜਨਮ ਵਿੱਚ।" ਇਹ ਸੁਣ ਕੇ ਮੈਂ ਕੀਤੀ ਹੋਈ ਸਖ਼ਤ ਮਿਹਨਤ ਅਤੇ ਆਪਣੇ ਗ੍ਰਹਿਆਂ ਤੇ ਪਿਛਲੇ ਜਨਮ ਬਾਰੇ ਸੋਚੀਂ ਪੈ ਗਿਆ। —ਸੰਜੀਵ ਧਰਮਾਣੀ

## ਅਮਰੀਕਾ ਵਾਲੇ




"ਹਾਂ ਬਈ ਜਵਾਨਾ, ਸੁਣਿਆ ਆ ਗਿਆ ਤੇਰਾ ਅਮਰੀਕਾ ਵਾਲਾ ਬੇਲੀ।" ਬਾਬੇ ਮੇਹਰੂ ਨੇ ਵਿਅੰਗ ਨਾਲ ਬਿੱਟੂ ਨੂੰ ਕਿਹਾ। "ਅੱਛਾ ਬਾਬਾ, ਮੈਨੂੰ ਨੀ ਪਤਾ।" "ਹਲਾ, ਆਹ ਪਿੰਡ ਦੇ ਗੁਰਦੁਆਰੇ 'ਚ ਅਖੰਡ ਪਾਠ ਉਨ੍ਹਾਂ ਨੇ ਹੀ ਰਖਾਇਆ, ਸ਼ੇਰਾ।" ਇਹ ਸੁਣ ਕੇ ਬਿੱਟੂ ਅਮਰੀਕਾ ਤੋਂ ਨੌਂ ਸਾਲ ਪਿੱਛੋਂ ਪਰਤੇ ਆਪਣੇ ਮਿੱਤਰ ਰਾਜੇ ਨੂੰ ਮਿਲਣ ਉਹਦੇ ਘਰ ਪਹੁੰਚ ਗਿਆ ਜਿਸ ਦੀ ਅਮਰੀਕਾ ਜਾਣ ਵੇਲੇ ਆਪਣੇ ਹਿੱਸੇ ਆਉਂਦੀ ਦੋ ਕਿੱਲੇ ਜ਼ਮੀਨ ਗਹਿਣੇ ਰੱਖ ਕੇ ਬਿੱਟੂ ਨੇ ਮਦਦ ਕੀਤੀ ਸੀ। ਆਸਾਂ ਤੋਂ ਉਲਟ ਰਸਮੀਂ 'ਹੈਲੋ-ਹਾਏ' ਤੋਂ ਬਿਨਾਂ ਰਾਜੇ ਨੇ ਬਿੱਟੂ ਨਾਲ ਕੋਈ ਗੱਲ ਨਾ ਕੀਤੀ। ਕਾਫ਼ੀ ਝਿਜਕ ਪਿੱਛੋਂ ਬਿੱਟੂ ਨੇ ਰਾਜੇ ਨੂੰ ਕਿਹਾ, "ਰਾਜੇ ਵੀਰ ਹੁਣ ਤਾਂ ਮੇਰੇ ਉਹ ਪੈਸੇ ।" ਉਸ ਦੇ ਸ਼ਬਦ ਪੂਰੇ ਹੋਣ ਤੋਂ ਪਹਿਲਾਂ ਹੀ ਰਾਜਾ ਬੋਲਿਆ, "ਤੇਰੇ ਜਿਹੇ ਮਲੰਗ ਦੇ ਕਿਹੜੇ ਪੈਸੇ? ਜੇ ਕੋਈ ਗਵਾਹ ਜਾਂ ਲਿਖਤ ਹੈ ਤਾਂ ਲਿਆ ਬਾਈ।" ਮਿੱਤਰਤਾ ਵੱਸ ਪੈਸੇ ਦੇਣ ਵੇਲੇ ਬਿੱਟੂ ਨੇ ਕਿਸੇ ਲਿਖਤ ਜਾਂ ਗਵਾਹ ਬਾਰੇ ਸੋਚਿਆ ਹੀ ਨਹੀਂ ਸੀ। ਹੁਣ ਭਰੇ ਮਨ ਨਾਲ ਆਪਣਾ ਸਭ ਕੁਝ ਗੁਆ ਉਹ ਵਾਪਸ ਪਰਤ ਰਿਹਾ ਸੀ ਤਾਂ ਗੁਰਦੁਆਰੇ ਦੇ ਭਾਈ ਜੀ ਦੇ ਬੋਲ ਉਹਦੇ ਕੰਨੀਂ ਪਏ, "500 ਡਾਲਰ ਪਿੰਡ ਦੇ ਗੁਰਦੁਆਰਾ ਸਾਹਿਬ ਲਈ ਦਾਨ ਕਰਦੇ ਹਨ ਰਾਜਾ ਸਿੰਘ ਅਮਰੀਕਾ ਵਾਲੇ ।" ਅਮਰੀਕਾ ਵਾਲੇ ਸ਼ਬਦ ਸੁਣ ਕੇ ਬਿੱਟੂ ਸੋਚ ਰਿਹਾ ਸੀ ਕਿ ਅਮਰੀਕਾ ਵਾਲੇ ਜਾਂ ਅਸਲੀ ਮਲੰਗ। —ਜਸਵਿੰਦਰ ਕੌਰ ਦੱਧਾਹੂਰ

## ਬਦਲਾਅ

ਅਰਜਨ ਸਿੰਘ ਇੱਕ ਕੰਪਨੀ ਵਿੱਚ ਪਿਛਲੇ ਛੇ ਸਾਲਾਂ ਤੋਂ ਨੌਕਰੀ ਕਰ ਰਿਹਾ ਸੀ ਅਤੇ ਉਸ ਦਾ ਵਿਆਹ ਤਿੰਨ ਕੁ ਸਾਲ ਪਹਿਲਾਂ ਹੋ ਗਿਆ ਸੀ। ਅਰਜਨ ਦੇ ਪਰਿਵਾਰ ਦਾ ਜੀਵਨ ਕਾਫ਼ੀ ਵਧੀਆ ਢੰਗ ਨਾਲ ਬਤੀਤ ਹੋ ਰਿਹਾ ਸੀ। ਨੌਕਰੀ ਲੱਗਣ ਮਗਰੋਂ ਤੋਂ ਹੀ ਉਸ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਕੋਲ ਜਾਣ ਲਈ ਕਾਫ਼ੀ ਘੱਟ ਸਮਾਂ ਮਿਲਦਾ ਸੀ। ਸੋ ਸਾਰੇ ਸਮਝਦੇ ਸਨ ਕਿ ਉਹ ਵਿਆਹ ਤੋਂ ਬਾਅਦ ਬਦਲ ਗਿਆ ਹੈ। ਇੱਕ ਦਿਨ ਅਰਜਨ ਤੇ ਉਸ ਦੀ ਪਤਨੀ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਗਏ। ਸਾਰੇ ਉਸ ਨੂੰ ਟਾਂਚ ਮਾਰਦੇ ਕਹਿਣ ਲੱਗੇ ਕਿ ਵਿਆਹ ਮਗਰੋਂ ਤੂੰ ਬਦਲ ਗਿਆ ਅਤੇ ਈਦ ਦਾ ਚੰਦ ਹੋ ਗਿਆ। ਉਸ ਨੇ ਜੁਆਬ ਦਿੱਤਾ, "ਵਿਆਹ ਮਗਰੋਂ ਮੇਰੀਆਂ ਜ਼ਿੰਮੇਵਾਰੀਆਂ ਵਧ ਗਈਆਂ ਹਨ। ਜੇ ਆਪਣੇ ਪਰਿਵਾਰ ਦੀ ਦੇਖ-ਰੇਖ ਕਰਨ ਅਤੇ ਆਪਣੇ ਕੰਮ ਨੂੰ ਦਿਲ ਲਾ ਕੇ ਕਰਨ ਨੂੰ ਬਦਲਾਅ ਕਹਿੰਦੇ ਹਨ ਤਾਂ ਹਾਂ, ਮੈਂ ਬਦਲ ਗਿਆ ਹਾਂ।"

—ਜਗਦੀਪ ਸਿੰਘ ਸਿੱਧੂ



# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street,**
**Surrey, BC V3V 4W8**

**6303 Fraser Street,**
**Vancouver BC**


Practice Social Distancing
While shopping please maintain required 6 feet distance and follow markers to avoid the spread of virus
fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Pink Lady Apples
ਪੀਂਕ ਲੇਡੀ ਐਪਲ
98¢ lb
Red, Yellow & Orange Bell Peppers
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ)
98¢ lb
Green Cabbage BC
ਹਰੀ ਬੰਦ ਗੋਭੀ ਬੀਸੀ
48¢ lb
Marie Cookies (Parliament) 250 g
ਪਾਰਲੀਮੈਂਟ ਮੈਰੀ ਕੁਕੀਜ਼ 250 ਗ੍ਰਾਮ
99¢ pkg.
Marie Cookies 83.9 g
ਮੈਰੀ ਕੁਕੀਜ਼ 83.9 ਗ੍ਰਾਮ
2 for 99¢
Cashew Crunch Cookies (Parliament) 600 g
ਕਾਜੂ ਬਿਸਕੁਟ (ਪਾਰਲੀਮੈਂਟ)
$2.99 pkg.
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$10.99 bag
Extra Super Super Special
Sher Besan (Chana Flour) 4 lbs
ਸ਼ੇਰ ਵੇਸਣ
$3.98 bag
Extra Super Super Special
Okra
ਭਿੰਡੀ
$1.98 lb
Super Special
Cilantro
ਧਨੀਆ
3 bunches for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$5.99 bag
Super Special
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Super Special
Yellow Onions 50 lbs
ਪੀਲੇ ਗੰਢੇ
$9.98 bag
Super Special
Small Taro (Urbi)
ਅਰਬੀ (ਛੋਟੀ ਤਾਰੋ)
99¢ lb
Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb
BC Gala Apples
ਬੀਸੀ ਗਾਲਾ ਸੇਬ
78¢ lb
Red Delicious Apples BC
ਲਾਲ ਸਵਾਦ ਸੇਬ ਬੀਸੀ
59¢ lb
Sunbec Table Salt 1 kg
ਸਨਬੈੱਕ ਲੂਣ
98¢ ea.
Butter Delight Cookies 75 g
ਬਟਰ ਕੁਕੀਜ਼ 75 ਗ੍ਰਾਮ
2 for 99¢
Butter Delight Cookies 600 g
ਬਟਰ ਕੁਕੀਜ਼ 600 ਗ੍ਰਾਮ
$2.99 pkg.
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
KTC Red Kidney Beans 398 ml
ਕੇ ਟੀ ਸੀ ਰੈਡ ਕਿਡਨੀ ਬੀਨਜ਼ 398 ਮਿ.ਲੀ.
2 for $1.50
Pesi Gur Plain
ਪੇਸ਼ੀ ਗੁੜ
$2.49 lb
Product images may differ from the actual product.
Fri Oct 01, 2021 - Thur Oct 07, 2021
We reserve the right to limit the quantities while they last
NEW LOCATION NOW OPEN
101-331 6TH STREET
NEW WESTMINSTER, BC
TEL: 604-395-3595
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520